ਦੁਨੀਆਂ ਦੇ ਕੋਨੇ ਕੋਨੇ ਤੋਂ ਸੱਚ ਖੰਡ
ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ
ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਨੂੰ
ਭੇਟ ਕਰਨ ਲਈ ਆਪਣੀ ੮੫ ਸਾਲ
ਦੀ ਉਮਰ ਤੱਕ ਦੇ, ਪੁਸਤਕਾਂ ਦੀ
ਪੜ੍ਹਾਈ ਤੇ ਵਿਦਵਾਨਾਂ ਦੀ ਸੰਗਤ
ਤੋਂ ਪ੍ਰਾਪਤ ਹੋਏ, ਮੇਰੇ
ਗਿਆਨ ਵਿਚੋਂ

ਚੋਣਵੀਆਂ

# ਇਤਿਹਾਸਕ ਕਹਾਣੀਆਂ

ਅਤੇ

# ਲੇਖਾਂ ਦਾ ਗੁਲਦਸਤਾ


ਲੇਖਕ ਤੇ ਪ੍ਰਕਾਸ਼ਕ :-

## ਭਗਤ ਪੂਰਨ ਸਿੰਘ

## ਪਿੰਗਲਵਾੜਾ, ਤਹਿਸੀਲਪੁਰਾ, ਅੰਮ੍ਰਿਤਸਰ ।



Sri Satguru Jagjit Singh Ji eLibrary NamdhariElibrary@gmail.com

# ਧੰਨ ਮੇਰੀ ਮਾਂ

ਮੇਰੀ ਮਾਂ ਨੇ ਮੇਰੇ ਬਚਪਨ ਦੇ ਸਮੇਂ ਮੇਰੇ ਹਿਰਦੇ ਅੰਦਰ ਵਾਹਿਗੁਰੂ ਦੀ ਹੋਂਦ ਤੇ ਉਸ ਦੀ ਭਗਤੀ ਤੋਂ ਪ੍ਰਾਪਤ ਹੋਣ ਵਾਲੀਆਂ ਦਾਤਾਂ ਦੀਆਂ ਜੋ ਹੈਰਾਨ ਕਰਨ ਵਾਲੀਆਂ ਕਹਾਣੀਆਂ ਮੇਰੇ ਮਨ ਵਿਚ ਵਸਾਈਆਂ, ਉਹਨਾਂ ਦੇ ਪ੍ਰਭਾਵ ਹੇਠ ਆਏ ਹੋਏ ਦਾ ਮੇਰਾ ਮਨ ਕਿਸੇ ਮਹਾਨ ਧਾਰਮਿਕ ਅਸਥਾਨ ਦੀ ਛਤਰ ਛਾਇਆ ਹੇਠ ਆਪਣੀ ਸਾਰੀ ਉਮਰ ਗੁਜ਼ਾਰਨਾ ਕੁਦਰਤੀ ਸੀ। ਵਾਹਿਗੁਰੂ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਉਸ ਨੂੰ ਹਰ ਵੇਲੇ ਸ੍ਰਿਸ਼ਟੀ ਦਾ ਉਸੇ ਤਰ੍ਹਾਂ ਫ਼ਿਕਰ ਰਹਿੰਦਾ ਹੈ ਜਿਸ ਤਰ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਫ਼ਿਕਰ ਹੁੰਦਾ ਹੈ। ਰੱਬ ਤਾਂ ਦਿਸਦਾ ਹੀ ਨਹੀਂ ਇਸ ਲਈ ਭਗਤਾਂ ਨੇ ਹੀ ਇਹ ਫਿਕਰ ਕਰਨਾ ਹੁੰਦਾ ਹੈ ਕਿ ਸ੍ਰਿਸ਼ਟੀ ਦੇ ਜੀਵ ਦੁੱਖਾਂ ਤੋਂ ਬਚਣ ਤੇ ਸੁੱਖਾਂ ਨਾਲ ਜੀਉਣ। ਆਪਣੀ ਧਰਮੀ ਮਾਤਾ ਪਾਸੋਂ ਧਰਮ ਦੇ ਸੰਸਕਾਰ ਪ੍ਰਾਪਤ ਕਰਦਿਆਂ ਹੋਇਆਂ ਪਲ ਕੇ ਮੈਂ ਭਗਤੀ ਮਾਰਗ ਤੇ ਜੀਵਨ ਬਿਤਾਉਂਦਾ ਹੋਇਆ ੮੫ ਸਾਲ ਦੀ ਉਮਰ ਤਕ ਇਸੇ ਖ਼ਿਆਲ ਨਾਲ ਪੜ੍ਹਾਈ ਕਰਦਾ ਰਿਹਾ ਹਾਂ ਕਿ ਸੰਸਾਰ ਦੇ ਜੀਵ ਹਰ ਪ੍ਰਕਾਰ ਦੇ ਸੰਕਟਾਂ ਤੋਂ ਬਚਦੇ ਹੋਏ ਸੁਖ ਸ਼ਾਂਤੀ ਨਾਲ ਜੀ ਸਕਣ। ਆਪਣੀ ਉਸ ਪੜ੍ਹਾਈ ਵਿਚੋਂ ਮੈਂ ਚੋਣਵੇਂ ਲੇਖ ਤੇ ਕਹਾਣੀਆਂ ਇਸ ਪੁਸਤਕ ਵਿਚ ਦਿਤੇ ਹਨ। ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਆਉਣ ਵਾਲੇ ਯਾਤਰੂ ਅਜਿਹਾ ਗਿਆਨ ਪ੍ਰਾਪਤ ਕਰਨ ਦੇ ਅਧਿਕਾਰੀ ਹਨ ਤੇ ਰੱਬ ਦੇ ਘਰ ਸ੍ਰੀ ਦਰਬਾਰ ਸਾਹਿਬ ਵੱਲੋਂ ਅਜਿਹਾ ਗਿਆਨ ਦਿੱਤਾ ਜਾਣਾ ਜ਼ਰੂਰੀ ਬਣਦਾ ਹੈ। ਮੇਰੇ ਧੰਨ ਭਾਗ ਹਨ ਕਿ ਗੁਰੂ ਘਰ ਦੀ ਛਤਰ ਛਾਇਆ ਹੇਠ ਮੈਨੂੰ ਅਜਿਹਾ ਗਿਆਨ ਪ੍ਰਾਪਤ ਕਰਨ ਦੀ ਯੋਗਤਾ ਤੇ ਸਮਰਥਾ ਪ੍ਰਾਪਤ ਹੋਈ।

Sri Satguru Jagjit Singh Ji eLibrary NamdhariElibrary@gmail.com

# ਮੁੱਖ-ਬੰਧ

(ਵਲੋਂ-ਭਗਤ ਪੂਰਨ ਸਿੰਘ)

ਸ੍ਰੀ ਦਰਬਾਰ ਸਾਹਿਬ ਰੱਬ ਦਾ ਘਰ ਹੈ । ਸ੍ਰਿਸ਼ਟੀ ਦੀ ਰਚਨਾ ਕਰਨ ਦੇ ਪਿੱਛੋਂ ਰੱਬ ਇਸ ਦੀ ਰੱਖਿਆ ਦੇ ਸਬੰਧ ਵਿਚ ਬੇ-ਫ਼ਿਕਰ ਨਹੀਂ ਰਹਿ ਸਕਦਾ ਸੀ । ਉਸ ਨੇ ਮਨੁੱਖ ਨੂੰ ਬੁੱਧੀ ਦੇ ਕੇ ਇਸ ਯੋਗ ਬਣਾ ਛੱਡਿਆ ਕਿ ਉਹ ਵਾਹਿਗੁਰੂ ਤੋਂ ਮਿਲਣ ਵਾਲੇ ਅਤੇ ਉਸ ਦੀ ਪਾਲਣਾ ਕਰਨ ਵਾਲੇ ਤਿੰਨ ਸਾਧਨਾਂ ਧਰਤੀ; ਪਾਣੀ ਤੇ ਹਵਾ ਨੂੰ ਸੰਭਾਲ ਕੇ ਰੱਖਣ ਲਈ ਗਿਆਨ ਪੈਦਾ ਕਰ ਸਕੇ ਤੇ ਸੋਚ ਸਕੇ ਤੇ ਨਿਰਣੇ ਕਰ ਸਕੇ । ਪਰਮਾਤਮਾ ਨੇ ਸਰੀਰ ਧਾਰਨ ਕਰ ਕੇ ਦੁਨੀਆਂ ਵਿਚ ਤਾਂ ਆਉਣਾ ਨਹੀਂ ਹੁੰਦਾ । ਉਸ ਨੇ ਬੰਦੇ ਨੂੰ ਦਿਮਾਗ਼ ਦੇ ਕੇ ਉਸ ਨੂੰ ਕਹਿ ਦਿੱਤਾ ਸੀ ਕਿ ਦੇਖ ਭਾਈ ਅੱਜ ਤੋਂ ਲੈ ਕੇ ਹੁਣ ਤੂੰ ਆਪਣਾ ਨਫ਼ਾ ਨੁਕਸਾਨ ਸੋਚਣਾ ਹੈ, ਮੈਂ ਸਰੀਰ ਧਾਰ ਕੇ ਸੰਸਾਰ ਵਿਚ ਨਹੀਂ ਆਉਣਾ । ਦੁਨੀਆਂ ਦੇ ਬੰਦਿਆਂ ਨੂੰ ਉਹਨਾਂ ਦੇ ਬਚਾਓ ਤੇ ਜੀਵਨ ਦੇ ਜ਼ਰੂਰੀ ਸਾਧਨਾਂ ਦੀ ਰੱਖਿਆ ਤੇ ਉਹਨਾਂ ਨੂੰ ਪੈਦਾ ਕਰਨ ਦਾ ਗਿਆਨ ਦੇਣ ਦੀ ਜ਼ੁਮੇਵਾਰੀ ਤੋਂ ਬਚਣ ਲਈ ਮੈਂ ਜਿਹੜੀ ਦੂਜੀ ਦਾਤ, ਦੁਨੀਆਂ ਦੇ ਲੋਕਾਂ ਨੂੰ ਦੇ ਸਕਦਾ ਸਾਂ ਓਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥ ਸਨ । ਜਿਸ ਦਿਨ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥ ਪੈਦਾ ਕਰ ਦਿਤੇ ਸਨ ਓਸ ਦਿਨ ਤੋਂ ਮੈਂ ਦੁਨੀਆਂ ਦੇ ਬੰਦਿਆਂ ਨੂੰ ਉਨ੍ਹਾਂ ਦੇ ਬਚਾਓ ਦਾ ਗਿਆਨ ਦੇਣ ਦਾ ਕਰਤਬ ਪੂਰਾ ਕਰ ਕੇ ਆਪਣੀ ਜ਼ੁਮੇਵਾਰੀ ਤੋਂ ਬਰੀ ਹੋ ਗਿਆ ਸਾਂ । ਉਸ ਦਿਨ ਤੋਂ ਦੁਨੀਆਂ ਦੇ ਬੰਦੇ ਆਪਣੇ ਬਚਾਓ ਬਾਰੇ ਆਪ ਸੋਚਣ ਲਈ ਜ਼ੁਮੇਵਾਰ ਬਣ ਗਏ ਸਨ । ਸ੍ਰੀ ਗੁਰੂ ਗਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਮੇਰੀ ਇਸ ਜ਼ੁਮੇਵਾਰੀ ਨੂੰ ਪੂਰੇ ਤੌਰ ਤੇ



Sri Satguru Jagjit Singh Ji eLibrary NamdhariElibrary@gmail.com

ਮਨੁੱਖਾਂ ਦੇ ਸਿਰ ਤੇ ਪਾ ਚੁਕਾ ਹੈ:

ਸਫਲ ਜਨਮ ਹਰਿ ਜਨਕਾ ਉਪਜਿਆ ਜਿਨ ਕੀਨੋ ਸੋਤ ਬਿਧਾਤਾ ॥

ਅਰਥਾਤ–ਜਿਹੜੇ ਬੰਦੇ ਹਰੀ ਨੂੰ ਆਪਣੇ ਮਨ ਵਿਚ ਵਸਾ ਕੇ ਉਸ ਦੇ ਭਗਤ ਬਣ ਜਾਂਦੇ ਹਨ, ਓਹ ਹੀ ਸਫਲ ਢੰਗ ਨਾਲ ਜੀਵਨ ਜਿਊਂਦੇ ਹਨ ਕਿਉਂਕਿ ਓਹਨਾਂ ਨੇ ਹੀ ਰੱਬ ਦੀਆਂ ਜ਼ੁੰਮੇਵਾਰੀਆਂ ਨੂੰ ਸਿਰ ਤੇ ਚੁੱਕ ਕੇ ਉਸ ਨੂੰ ਔਂਤਰਾ ਹੋਣ ਤੋਂ ਬਚਾ ਲਿਆ ਹੁੰਦਾ ਹੈ, ਜਿਸ ਤਰ੍ਹਾਂ ਆਪਣੇ ਪਿਓ ਦੀ ਮੌਤ ਤੋਂ ਪਿਛੋਂ ਪੁੱਤਰ ਉਸ ਦੀਆਂ ਜ਼ੁੰਮੇਵਾਰੀਆਂ ਨਿਭਾਉਣ ਲਈ ਉਸ ਦੇ ਦਿਲ ਤੇ ਦਿਮਾਗ਼ ਦੇ ਗੁਣਾਂ ਨੂੰ ਧਾਰਨ ਕਰ ਕੇ ਉਸ ਨੂੰ ਔਂਤਰਾ ਹੋਣ ਤੋਂ ਬਚਾ ਲੈਂਦਾ ਹੈ।

ਉਪਰ ਮੈਂ ਜੀਵ ਦੀ ਪਾਲਣਾ ਕਰਨ ਵਾਲੇ ਤਿੰਨ ਸਾਧਨਾਂ ਧਰਤੀ, ਪਾਣੀ ਤੇ ਹਵਾ ਦਾ ਉਲੇਖ ਕੀਤਾ ਹੈ। ਜਪੁ ਜੀ ਸਾਹਿਬ ਦੇ ਅੰਤਲੇ ਸਲੋਕ ਵਿਚ ਲਿਖਿਆ ਹੈ ਕਿ ਹਵਾ (ਪੌਣ) ਗੁਰੂ ਰੂਪ ਹੈ, ਧਰਤੀ ਮਾਤਾ ਰੂਪ ਹੈ ਅਤੇ ਪਾਣੀ ਪਿਤਾ ਰੂਪ ਹੈ। ਪੌਣ ਪਾਣੀ ਤੇ ਧਰਤੀ ਜੀਵਨ ਦਾ ਆਧਾਰ ਹਨ। ਜਦ ਤਕ ਦੁਨੀਆਂ ਕਾਇਮ ਰਹੇਗੀ ਉਸ ਸਮੇਂ ਤੱਕ ਆਪਣੇ ਭਵਿੱਖਤ ਦੇ ਅਣ-ਮਿਥੇ ਸਮੇਂ ਵਿਚ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਅਸੀਂ ਧਰਤੀ ਹਵਾ ਤੇ ਪਾਣੀ ਨੂੰ ਖ਼ਰਾਬ ਨਾ ਹੋਣ ਦੇਈਏ ਤੇ ਜੇ ਇਹ ਬਰਬਾਦ ਹੋ ਰਹੇ ਹੋਣ ਤਾਂ ਸਾਡੀ ਮਨੁੱਖੀ ਸ਼ਾਨ ਇਹ ਤਕਾਜ਼ਾ ਕਰਦੀ ਹੈ ਕਿ ਓਹਨਾਂ ਮੁਢਲੇ ਸਾਧਨਾਂ ਦੀ ਤਬਾਹੀ ਤੋਂ ਪੈਦਾ ਹੋਣ ਵਾਲੀਆਂ ਅਨੇਕ ਪ੍ਰਕਾਰ ਦੀਆਂ ਤਬਾਹੀਆਂ ਨੂੰ ਹੁਣ ਤੋਂ ਅਗਾਊਂ ਰੋਕ ਪਾਈਏ। ਜਿਸ ਤਰ੍ਹਾਂ ਅਨ੍ਹੇਰੀ ਤੋਂ ਪਹਿਲੇ ਹਵਾ ਵਿਚ ਗਹਿਰ ਆਉਂਦੀ ਹੈ ਉਸੇ ਤਰ੍ਹਾਂ ਕੋਈ ਤਬਾਹੀ ਅਜਿਹੀ ਹੋ ਸਕਦੀ ਹੈ ਜਿਸ ਦੇ ਆਉਣ ਦੇ ਛੋਟੇ ਛੋਟੇ ਲੱਛਣ ਉਸ ਦੇ ਆਉਣ ਤੋਂ 150 ਸਾਲ ਪਹਿਲਾਂ ਲੱਭ ਸਕਦੇ ਹੋਣ। ਜਿਹੜੇ ਮਨੁੱਖ ਆਉਣ ਵਾਲੇ ਤੂਫ਼ਾਨ ਦੇ ਆਉਣ ਤੋਂ ਪਹਿਲਾਂ ਖ਼ਬਰਦਾਰ ਹੋ ਕੇ ਆਪਣੇ ਬਾਲ



Sri Satguru Jagjit Singh Ji eLibrary NamdhariElibrary@gmail.com

ਬੱਚਿਆਂ ਨੂੰ ਬਚਾਉਣ ਦਾ ਯਤਨ ਨਹੀਂ ਕਰਦੇ ਉਹ ਮਨੁਖ ਕਹਾਉਣ ਦੇ ਅਧਿਕਾਰੀ ਨਹੀਂ ਰਹਿ ਸਕਦੇ। ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਇਨ੍ਹਾਂ–ਧਰਤੀ, ਪਾਣੀ ਤੇ ਹਵਾ ਤਿੰਨਾਂ ਜੀਵਨ ਚਸ਼ਮਿਆਂ ਨੂੰ ਬਰਬਾਦ ਨਾ ਹੋਣ ਦੇਈਏ, ਅਸੀਂ ਕਾਰਖ਼ਾਨਿਆਂ ਦੀਆਂ ਚਿਮਨੀਆਂ 'ਚੋਂ ਨਿਕਲਦੇ ਧੂੰਏਂ ਅਤੇ ਮੋਟਰਕਾਰਾਂ, ਬੱਸਾਂ ਤੇ ਟਰੱਕਾਂ ਦੇ ਡੀਜ਼ਲ 'ਚੋਂ ਨਿਕਲਦੇ ਜ਼ਹਿਰੀਲੇ ਧੂੰਏਂ ਨਾਲ ਹਵਾ ਨੂੰ ਜ਼ਹਿਰੀਲਾ ਨਾ ਹੋਣ ਦੇਈਏ ਅਤੇ ਕਾਰਖ਼ਾਨਿਆਂ ਤੇ ਸ਼ਹਿਰਾਂ ਦੀਆਂ ਗੰਦੀਆਂ ਨਾਲੀਆਂ ਦੇ ਪਾਣੀ ਨਾਲ ਝੀਲਾਂ ਤੇ ਦਰਿਆਵਾਂ ਦੇ ਪਾਣੀ ਨੂੰ ਜ਼ਹਿਰੀਲਾ ਨਾ ਹੋਣ ਦੇਈਏ। ਜਦ ਰੁੱਖਾਂ ਦੀ ਅੰਨ੍ਹੇ ਵਾਹ ਕਟਾਈ ਦੇ ਕਾਰਣ ਧਰਤੀ ਖੁਰਦੀ ਖੁਰਦੀ ਰੇਗਸਤਾਨ ਬਣ ਜਾਏਗੀ ਜਦੋਂ ਹਵਾ ਤੇ ਪਾਣੀ ਜ਼ਹਿਰੀਲੇ ਹੋ ਜਾਣਗੇ ਜਦ ਉਜ਼ੋਨ ਤੇ ਆਕਸੀਜਨ ਖ਼ਤਮ ਹੋ ਜਾਣਗੀਆਂ ਉਦੋਂ ਦੁਨੀਆਂ ਨੂੰ ਮੌਤ ਦੇ ਪੰਜਿਆਂ 'ਚੋਂ ਕਿਵੇਂ ਛੁਡਾਇਆ ਜਾ ਸਕੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ ਹੈ :–

"ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥"

ਅਰਥਾਤ–ਜੇਕਰ ਪਹਿਲਾਂ ਹੀ ਪ੍ਰਮਾਤਮਾ ਨੂੰ ਯਾਦ ਰੱਖੀਏ ਤਾਂ ਸਜ਼ਾ ਕਿਉਂ ਮਿਲੇ ?

ਸੰਸਾਰ ਪ੍ਰਸਿੱਧ ਫਿਲਾਸਫਰ ਟੀ. ਐਚ. ਹਕਸਲੇ ਲਿਖਦਾ ਹੈ।

The life, the fortune and the happiness of every one of us, and more or less of those who are connected with us, depend upon our knowing something of the rules of the game infinitely more difficult and complicated than chess. The chess-board is the world, the player on the other side is hidden from us.



Sri Satguru Jagjit Singh Ji eLibrary NamdhariElibrary@gmail.com

We know that his play is always just and fair and patient. But also we know to our cost that he never overlooks a mistake or makes the smallest allowance for ignorance. To the man who plays well the highest stakes are paid with that sort of overflowing generosity with which the strong delight in strength. And one who plays ill is check-mated—without haste, but without re-morse. Well, what I mean by education is learning the rules of that mighty game.

ਅਰਥਾਤ–ਸਾਡਾ ਹਰ ਇਕ ਦਾ ਜੀਵਨ, ਸਾਡੀ ਤਕਦੀਰ ਸਾਡੇ ਸੁਖ ਅਤੇ ਓਹਨਾਂ ਦੇ ਵੀ ਘਟ ਚਾਹੇ ਵੱਧ ਜਿਨ੍ਹਾਂ ਦੇ ਸੰਬੰਧ ਸਾਡੇ ਨਾਲ ਹੁੰਦੇ ਹਨ, ਇਸ ਗੱਲ ਉਤੇ ਨਿਰਭਰ ਹਨ ਕਿ ਸਾਨੂੰ ਜੀਵਨ-ਖੇਡ ਦੇ ਨਿਯਮਾਂ ਦੀ ਕੁਝ ਜਾਣਕਾਰੀ ਹੋਵੇ ਜਿਹੜੀ ਕਿ ਸ਼ਤਰੰਜ ਦੀ ਖੇਡ ਨਾਲੋਂ ਅਨੇਕਾਂ ਗੁਣਾਂ ਵਧੇਰੇ ਕਠਿਨ ਅਤੇ ਗੁੰਝਲਦਾਰ ਹੈ। ਇਉਂ ਸਮਝੋ ਕਿ ਸੰਸਾਰ ਮਾਨੋ ਸ਼ਤਰੰਜ ਦੀ ਤਖ਼ਤੀ ਹੈ ਅਤੇ ਇਸ ਵਿਚ ਵਾਪਰਦੀਆਂ ਘਟਨਾਵਾਂ ਮੋਹਰੇ ਹਨ। ਇਸ ਖੇਲ ਦੇ ਨਿਯਮ ਹਨ ਜਿਨ੍ਹਾਂ ਨੂੰ ਅਸੀਂ ਕੁਦਰਤ ਦੇ ਨਿਯਮ ਆਖਦੇ ਹਾਂ ਦੂਜੇ ਪਾਸੇ ਬੈਠਾ ਖਿਡਾਰੀ ਨਜ਼ਰੋਂ ਉਹਲੇ ਰਹਿੰਦਾ ਹੈ। ਅਸੀਂ ਜਾਣਦੇ ਹਾਂ ਕਿ ਉਸ ਦੀ ਖੇਡ ਵਿਚ ਸਦਾ ਹੱਕ ਹੈ, ਨਿਆਂ ਹੈ ਅਤੇ ਧੀਰਜ ਹੈ। ਪਰ ਅਸੀਂ ਇਹ ਜਾਣਦੇ ਹਾਂ ਕਿ ਜਿਸ ਦੀ ਕੀਮਤ ਭਾਵੇਂ ਅਸੀਂ ਆਪ ਹੀ ਚੁਕਾਉਂਦੇ ਹਾਂ ਤੇ ਸਾਡੀ ਕੋਈ ਗ਼ਲਤੀ ਉਸ ਦੀਆਂ ਨਜ਼ਰਾਂ 'ਚੋਂ ਓਹਲੇ ਨਹੀਂ ਰਹਿੰਦੀ ਅਤੇ ਨਾ ਹੀ ਉਹ ਸਾਡੀ ਅਗਿਆਨਤਾ ਦੇ ਕਾਰਣ ਕਿਸੇ ਭੁੱਲ ਦੀ ਥੜੀ ਤੋਂ ਥੋੜੀ ਛੋਟ ਹੀ ਦਿੰਦਾ ਹੈ ਜਿਹੜਾ ਬੰਦਾ ਠੀਕ ਤਰ੍ਹਾਂ ਖੇਲਦਾ ਹੈ ਉਸ ਨੂੰ ਖੇਡ ਉਤੇ ਵੱਡੇ ਤੋਂ ਵੱਡੇ ਦਾਓ



Sri Satguru Jagjit Singh Ji eLibrary NamdhariElibrary@gmail.com

ਉਸ ਕਿਸਮ ਦੀ ਡੁਲ੍ਹਦੀ ਉਦਾਰਤਾ ਨਾਲ ਦਿੱਤੇ ਜਾਂਦੇ ਹਨ ਜਿਸ ਨਾਲ ਮਜ਼ਬੂਤ ਬੰਦੇ ਆਪਣੀ ਮਜ਼ਬੂਤੀ ਦਾ ਪ੍ਰਗਟਾਵਾ ਕਰ ਕੇ ਖ਼ੁਸ਼ੀ ਅਨੁਭਵ ਕਰਦੇ ਹਨ। ਅਤੇ ਜਿਹੜਾ ਬੰਦਾ ਗ਼ਲਤ ਖੇਡਦਾ ਹੈ-ਓਹ ਹਾਰਦਾ ਹੈ-ਇਸ ਵਿਚ ਕਾਹਲੀ ਨਹੀਂ ਹੁੰਦੀ ਪਰ ਇਸ ਵਿਚ ਪਛਤਾਵਾ ਵੀ ਨਹੀਂ ਹੁੰਦਾ–ਖ਼ੈਰ ਵਿਦਿਆ ਤੋਂ ਮੇਰਾ ਭਾਵ ਹੈ ਇਸ ਮਹਾਨ ਖੇਡ ਦੇ ਨਿਯਮਾਂ ਨੂੰ ਸਿੱਖਣਾ।

ਮਨੁੱਖ ਦੀ ਜਨਮ-ਜਾਤ ਰੁੱਚੀ ਹੁੰਦੀ ਹੈ ਕਿ ਜੇ ਇਸ ਨੂੰ ਕੋਈ ਖ਼ਤਰਾ ਆ ਰਿਹਾ ਹੋਵੇ ਅਤੇ ਇਸ ਨੂੰ ਕੋਈ ਸਮਝਾ ਦੇਵੇ ਕਿ ਖ਼ਤਰਾ ਆ ਰਿਹਾ ਹੈ ਅਤੇ ਨਾਲ ਖ਼ਤਰੇ ਤੋਂ ਬਚਣ ਦਾ ਰਾਹ ਭੀ ਦੱਸ ਦੇਵੇ ਅਤੇ ਖ਼ਤਰੇ ਦੀ ਵੰਗਾਰ ਦਾ ਮੁਕਾਬਲਾ ਕਰਨ ਲਈ ਓਸ ਦੀ ਅਗਵਾਈ ਵੀ ਕਰੇ ਤਾਂ ਇਹ ਉਸ ਦੇ ਪਿਛੇ ਲਗ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਾਰੇ ਜਗਤ ਤੇ ਘੁੰਮੇ ਓਹਨਾਂ ਨੇ ਸੰਸਾਰ ਦੇ ਬੰਦਿਆਂ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਖ਼ਬਰਦਾਰ ਕੀਤਾ। ਓਹਨਾਂ ਨੇ ਆਪ ਤੇ ਓਹਨਾਂ ਤੋਂ ਪਿਛੋਂ ਬਾਕੀ ਗੁਰੂਆਂ ਨੇ ਦੁਨੀਆਂ ਦੇ ਬੰਦਿਆਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਵਡਮੁੱਲਾ ਗਿਆਨ ਭੰਡਾਰ ਰਚਿਆ ਭੀ ਤੇ ਇਕੱਤਰ ਭੀ ਕੀਤਾ। ਸਿੱਖ ਗੁਰੂਆਂ ਨੇ ਸਿੱਖਾਂ ਨੂੰ ਨਿਰਾ ਉਪਦੇਸ਼ ਹੀ ਨਹੀਂ ਦਿੱਤਾ ਓਨ੍ਹਾਂ ਨੇ ਜੋ ਕੁਝ ਕਿਹਾ ਓਹ ਕਰ ਕੇ ਵੀ ਵਿਖਾਇਆ। ਗੁਰੂ ਤੇਗ ਬਹਾਦਰ ਸਾਹਿਬ ਨੇ ਜਿਥੇ ਜਗਤ ਭਲਾਈ ਲਈ ਆਪਣਾ ਸਰੀਰ ਕੁਰਬਾਨ ਕੀਤਾ ਓਥੇ ਓਹਨਾਂ ਨੇ ਆਪਣੇ ਜੀਵਨ-ਕਾਲ ਵਿਚ ਖੂਹ ਭੀ ਬਣਾਏ ਅਤੇ ਥਾਂ ਥਾਂ ਰੁੱਖ ਭੀ ਲਗਵਾਏ ਤੇ ਦੁੱਧ ਦੇਣ ਵਾਲੀਆਂ ਗਊਆਂ ਵੰਡੀਆਂ ਤੇ ਗ਼ਰੀਬਾਂ ਲਈ ਲੰਗਰ ਲਾਏ ਤੇ ਬੇ-ਘਰਾਂ ਲਈ ਘਰ ਬਣਾਏ।

ਆਪਣੇ ਹਿਰਦੇ ਦੇ ਜਿਨ੍ਹਾਂ ਗੁਣਾਂ ਨਾਲ ਮਨੁੱਖ ਰੱਬ ਦਾ ਭਗਤ ਬਣ ਕੇ ਉਸ ਨੂੰ ਔਤਰਾ ਹੋਣ ਤੋਂ ਬਚਾਉਂਦਾ



Sri Satguru Jagjit Singh Ji eLibrary NamdhariElibrary@gmail.com

ਹੈ, ਉਨ੍ਹਾਂ ਗੁਣਾਂ ਦਾ ਪ੍ਰਚਾਰ ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਰਚੀ ਤੇ ਉਸ ਬੀੜ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਸਥਾਪਤ ਕਰ ਕੇ ਉਸ ਨੂੰ ਪੂਜਾ ਵਾਲੀ ਪਦਵੀ ਦਿੱਤੀ। ਤਾਂ ਜੋ ਸੰਸਾਰ ਦੇ ਬੰਦੇ ਇਸ ਮਹਾਨ ਅਸਥਾਨ ਤੋਂ ਆਪਣੇ ਬਚਾਓ ਨੂੰ ਸਨਮੁਖ ਰੱਖ ਕੇ ਜੀਵਨ ਜੀਉਣ ਦੀ ਪ੍ਰੇਰਨਾ ਲੈ ਸਕਣ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਦੇ ਅੰਦਰ ਇਕ ਮੰਦਰ ਖੜਾ ਕਰ ਦਿਤਾ ਸੀ ਤੇ ਜਿਸ ਵਿਚ ਨਾਮ ਬਾਣੀ ਦੇ ਕੀਰਤਨ ਦਾ ਪੱਕਾ ਪ੍ਰਬੰਧ ਵੀ ਕਰ ਦਿਤਾ ਸੀ ਤੇ ਇਸ ਤਰ੍ਹਾਂ ਸਰੋਵਰ ਦੇ ਇਸ਼ਨਾਨ ਨੂੰ ਆਤਮ-ਇਸ਼ਨਾਨ ਦੇ ਚਿੰਨ੍ਹ ਦੇ ਤੌਰ ਤੇ ਇਉਂ ਪੇਸ਼ ਕਰ ਦਿਤਾ ਸੀ; 'ਹਰਿ ਜਪੇ ਹਰਿ ਮੰਦਰ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ' ॥

(ਸੂਹੀ ਮ: ੫)

ਸ੍ਰੀ ਗੁਰੂ ਗਰੰਥ ਸਾਹਿਬ ਦੇ ਇਸ ਸ਼ਬਦ ਦਾ ਭਾਵ ਇਹ ਹੈ ਕਿ ਹਰੀ-ਮੰਦਰ ਅੰਦਰ ਨਾਮ ਬਾਣੀ ਦੇ ਪਰਤਾਪ, ਗੁਰਮੁਖਾਂ ਦੇ ਮੇਲ ਤੇ ਸਾਧ ਸੰਗਤ ਦੇ ਦਰਸ਼ਨ ਨਾਲ ਆਤਮ ਇਸ਼ਨਾਨ ਕੀਤਾ ਜਾਣਾ ਹੈ। ਇਹ ਇਸ਼ਨਾਨ ਨਿਰੀ ਟੁੱਭੀ ਬਿਲਕੁਲ ਨਹੀਂ, ਇਸ ਨੇ ਸਗੋਂ ਆਤਮ ਇਸ਼ਨਾਨ ਦਾ ਸੂਚਕ ਬਣਨਾ ਹੈ। ਇਹ ਮਹਿਮਾ ਇਸ ਲਈ ਨਹੀਂ ਕਿ ਇਸ ਦੀ ਇਮਾਰਤੀ ਵਿਉਂਤ ਸੁੰਦਰ ਹੈ ਸੰਸਾਰ ਅੰਦਰ ਬੇਅੰਤ ਇਮਾਰਤਾਂ ਹਨ ਜੋ ਇਸ ਨਾਲੋਂ ਵਧ ਸੁੰਦਰ ਹਨ ਪਰ ਇਤਿਹਾਸ ਦਸਦਾ ਹੈ ਕਿ ਜਦ ਹਰਿਮੰਦਰ ਤਿਆਰ ਹੋ ਗਿਆ ਤਾਂ ਗੁਰੂ ਸਾਹਿਬ ਖ਼ੁਸ਼ੀ ਅਤੇ ਸ਼ੁਕਰਾਨੇ ਦੇ ਹੁਲਾਰੇ ਵਿਚ ਅੱਥਰੂ ਕੇਰ ਰਹੇ ਸਨ। ਉਹਨਾਂ ਦੇ ਸਾਹਮਣੇ ਉਹਨਾਂ ਹਜ਼ਾਰਾਂ ਸੇਵਕਾਂ ਦੀ ਤਸਵੀਰ ਆ ਗਈ ਸੀ ਜਿਨ੍ਹਾਂ ਆਪਣਾ ਪਸੀਨਾ ਡੋਲ੍ਹ ਕੇ ਅਤੇ ਆਪਣਾ ਧਨ ਤੇ ਸਮਾਂ ਖ਼ਰਚ ਕਰਕੇ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ ਸੀ-ਇਸ ਨਾਲ ਅੰਮ੍ਰਿਤਸਰ ਇਕ ਨਿਰਾ ਸ਼ਹਿਰ ਨਹੀਂ ਸੀ ਰਹਿ ਜਾਂਦਾ, ਗੁਰੂ ਸਾਹਿਬ ਦੀ ਦੂਰ-ਦਰਸ਼ੀ



Sri Satguru Jagjit Singh Ji eLibrary NamdhariElibrary@gmail.com

ਤੇ ਵਿਸ਼ਾਲ ਨਿਗਾਹ ਵਿਚ ਇਹ ਸਿੱਖ-ਸਭਿਆਚਾਰ ਦਾ ਕੇਂਦਰ ਬਣ ਰਿਹਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਮਨੁੱਖ ਨੂੰ ਖ਼ਬਰਦਾਰ ਕਰਦਾ ਹੈ ਕਿ ਭਾਈ, ਤੂੰ ਜਦ ਆਪਣੇ ਲਈ ਕੋਈ ਕੰਮ ਚੁਣੇ ਤਾਂ ਤੂੰ ਹੇਠ ਲਿਖੇ ਵਿਚਾਰ ਨੂੰ ਆਪਣੇ ਸਾਹਮਣੇ ਰੱਖੀਂ:-

ਆਹਰ ਸਭ ਕਰਦਾ ਫਿਰੇ ਆਹਰ ਇਕ ਨ ਹੋਇ ॥
ਜਿਤ ਆਹਰ ਜਗ ਉਬਰੇ ਵਿਰਲਾ ਬੂਝੇ ਕੋਇ ॥

ਸੰਸਾਰ-ਪ੍ਰਸਿੱਧ ਫਿਲਾਸਫਰ ਰੋਮਨ ਰੋਲੈਂਡ ਦਾ ਕਥਨ ਹੈ :-

Ideas have never conquerred the world as ideas but only by the force they represent. They do not grip men by their intellectual contents, but by the radiant vitality which is given off at certain periods in history......The loftiest and most sublime idea remains ineffective until the day when it becomes contagious, not by its own merits but by the merits of the groups of men in whom it becomes incarnate by the transfusion of their blood. Then the withered plant, the rose of jerico comes suddenly to flower, grows to its full height and fills all the air with its aroma. —R. ROMAN ROLLAND

ਅਰਥਾਤ-ਖਿਆਲਾਂ ਨੇ ਸੰਸਾਰ ਨੂੰ ਕਦੇ ਭੀ ਨਿਰੇ ਖਿਆਲਾਂ ਦੀ ਹੈਸੀਅਤ ਵਿਚ ਨਹੀਂ ਜਿੱਤਿਆ ਹੈ ਬਲਕਿ ਉਸ ਸ਼ਕਤੀ ਦੀ ਸਹਾਇਤਾ ਨਾਲ ਹੀ ਜਿੱਤਿਆ ਹੈ ਜਿਸ ਦੀ ਪ੍ਰਤੀਨਿਧਤਾ ਇਹ ਕੀਤਾ ਕਰਦੇ ਹਨ। ਇਹ ਲੋਕਾਂ ਨੂੰ ਆਪਣੇ ਅੰਦਰਲੇ ਦਿਮਾਗੀ ਗਿਆਨ ਨਾਲ ਨਹੀਂ ਪਕੜਿਆ ਕਰਦੇ ਹਨ ਬਲਕਿ



Sri Satguru Jagjit Singh Ji eLibrary [redacted]

ਇਹ ਤਾਂ ਉਸ ਉੱਜਲ ਜੀਵਨ-ਸ਼ਕਤੀ ਨਾਲ ਹੀ ਜਿੱਤਿਆ ਕਰਦੇ ਹਨ ਜਿਹੜੀ ਇਤਿਹਾਸ ਦੇ ਕਿਸੇ ਕਿਸੇ ਸਮੇਂ ਨਿਕਲਿਆ ਕਰਦੀ ਹੈ। ਕੋਈ ਵਿਚਾਰ ਭਾਵੇਂ ਕਿੰਨਾ ਉੱਚੇ ਤੋਂ ਉੱਚਾ ਤੇ ਮਹਾਨ ਤੋਂ ਮਹਾਨ ਭੀ ਕਿਉਂ ਨਾ ਹੋਵੇ ਉਹ ਉਦੋਂ ਤਕ ਬੇ-ਅਸਰ ਰਹਿੰਦਾ ਹੈ ਜਦੋਂ ਤਕ ਕਿ ਉਹ ਆਪਣੇ ਅੰਦਰ ਦੂਜਿਆਂ ਨੂੰ ਟੁੰਬਣ ਦੀ ਉਹ ਛੋਹ ਸ਼ਕਤੀ ਨਾ ਧਾਰਨ ਕਰ ਲਵੇ ਜਿਹੜੀ ਸ਼ਕਤੀ ਖਿਆਲਾਂ ਦੇ ਆਪਣੇ ਅੰਦਰਲੇ ਗਿਆਨ ਤੋਂ ਨਹੀਂ ਬਲਕਿ ਓਹਨਾਂ ਬੰਦਿਆਂ ਦੇ ਲਹੂ ਪਾਉਣ ਨਾਲ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਦੇ ਹਿਰਦਿਆਂ ਅੰਦਰ ਉਹ ਰੂਪਮਾਨ ਹੋ ਜਾਂਦੇ ਹਨ। ੇਰ ਉਸ ਸਮੇਂ ਇਕ ਮੁਰਝਾਇਆ ਹੋਇਆ ਗੁਲਾਬ ਦਾ ਬੂਟਾ ਝਟ ਫੁੱਲ ਲੈ ਆਉਂਦਾ ਹੈ ਅਤੇ ਉਸੇ ਵੇਲੇ ਹਵਾ ਨੂੰ ਆਪਣੀ ਸੁਗੰਧੀ ਨਾਲ ਭਰ ਦਿੰਦਾ ਹੈ।

ਇਸ ਵੇਲੇ ਮੇਰੀ ਉਮਰ 84 ਸਾਲ ਹੈ ਤੇ ਮੈਂ ਆਪਣੀ ਵੀਹ ਸਾਲ ਦੀ ਉਮਰ ਤੋਂ ਦੇਸ਼ ਤੇ ਦੁਨੀਆਂ ਦੇ ਅਖਬਾਰਾਂ, ਪੁਸਤਕਾਂ ਦਾ ਗਿਆਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਛਤਰ-ਛਾਇਆ ਹੇਠ ਸੰਨ 1924 ਤੋਂ 1947 ਤੱਕ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਛਤਰ-ਛਾਇਆ ਹੇਠ 1947 ਤੋਂ ਹੁਣ ਸੰਨ 1987 ਤੱਕ ਭਾਈ ਗੁਰਦਾਸ ਦਾ ਵਾਕ–

ਬੰਮੇਂ ਕੋਈ ਨਾ ਸਾਧ ਬਿਨ
ਸਾਧ ਨ ਦਿਸੇ ਜਗ ਵਿਚ ਕੋਆ॥

ਸੁਣਦਾ ਰਿਹਾ ਹਾਂ। ਅਸੀਂ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਦੋ ਜਗ੍ਹਾ ਤੋਂ ਚਰਾਗ ਜਗਾ ਦਿੱਤੇ ਹਨ। ਘੰਟਾ ਘਰ ਦੀ ਡਿਉੜੀ ਅੱਗੇ ਅਤੇ ਮੰਜੀ ਸਾਹਿਬ ਦੇ ਜੋੜੇ ਘਰ ਅੱਗੇ। ਸੰਗਤਾਂ ਅੱਗੇ ਬੇਨਤੀ ਹੈ ਕਿ ਇਹਨਾਂ ਚਰਾਗਾਂ ਵਿਚ ਤੇਲ ਪਾਓ, ਘਰਾਂ ਵਿਚ ਗੋਲਕਾਂ ਰੱਖੋ ਅਤੇ ਓਹਨਾਂ ਵਿਚ ਆਪਣੇ ਬੱਚਿਆਂ ਪਾਸੋਂ ਪੰਜੀ ਦਸੀ ਪੁਆਓ। ਸੀ ਦਰਬਾਰ ਸਾਹਿਬ,



Sri Satguru Jagjit Singh Ji eLibrary NamdhariElibrary@gmail.com

ਸੰਸਾਰ ਰੂਪੀ ਸਮੁੰਦਰ ਦਾ ਚਾਨਣ-ਮੁਨਾਰਾ ਹੈ।

ਸ੍ਰੀ ਦਰਬਾਰ ਸਾਹਿਬ ਭਾਵੇਂ ਆਪਣੀ ਸੁੰਦਰਤਾ, ਵਿਲੱਖਣਤਾ ਤੇ ਇਮਾਰਤੀ ਕਲਾ ਦੇ ਦ੍ਰਿਸ਼ਟੀਕੋਣ ਤੋਂ ਦੁਨੀਆਂ ਦੀ ਇਕ ਮਹਾਨ ਇਮਾਰਤ ਹੈ ਪਰ ਇਸ ਦੀ ਯਾਤਰਾ ਨੂੰ ਆਉਣ ਦਾ ਮਨੋਰਥ ਇਸ ਦੀ ਸੁੰਦਰਤਾ ਨੂੰ ਦੇਖਣਾ ਨਹੀਂ ਬਲਕਿ ਇਸ ਵਿਚ ਗੁਰੂ ਰੂਪ ਵਿਚ ਸਥਾਪਤ ਹੋਏ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸ ਤੋਂ ਜਾਣੂ ਹੋਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਤੇ ਸਿਖ ਪੰਥ ਦੇ ਸਾਰੇ ਇਤਿਹਾਸ ਨੂੰ ਜਾਨਣ ਦਾ ਸੁਭਾਗ ਤਾਂ ਕਿਸੇ ਵਿਰਲੇ ਬੰਦੇ ਨੂੰ ਹੀ ਪ੍ਰਾਪਤ ਹੋ ਸਕਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਘੇ ਸ਼ਬਦ, ਭਾਈ ਗੁਰਦਾਸ ਦੇ ਉੱਘੇ ਵਾਕ ਤੇ ਗੁਰੂ ਘਰ ਦੀਆਂ ਕੁਝ ਉੱਘੀਆਂ ਸਾਖੀਆਂ ਅਜਿਹੀਆਂ ਹਨ–ਜਿਨ੍ਹਾਂ ਦਾ ਗਿਆਨ ਹਰ ਸਿੱਖ ਨੂੰ ਹੋਣਾ ਜ਼ਰੂਰੀ ਹੈ। ਏਹੋ ਸ੍ਰੀ ਦਰਬਾਰ ਸਾਹਿਬ ਨੂੰ ਆਉਣ ਦਾ ਮਨੋਰਥ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਘੇ ਸ਼ਬਦਾਂ, ਗੁਰਬਾਣੀ ਦੇ ਤੱਤਾਂ ਨੂੰ ਬਿਆਨ ਕਰਨ ਵਾਲੇ ਭਾਈ ਗੁਰਦਾਸ ਜੀ ਦੇ ਵਾਕਾਂ ਤੇ ਗੁਰੂ ਘਰ ਦੇ ਇਤਿਹਾਸ ਦੀਆਂ ਉੱਘੀਆਂ ਕਹਾਣੀਆਂ ਨੂੰ ਜਾਨਣ ਲਈ ਕਈ ਸਾਲਾਂ ਦੇ ਸਮੇਂ ਦੀ ਲੋੜ ਹੁੰਦੀ ਹੈ। ਅਜਿਹਾ ਸੁਭਾਗ ਕਿਸੇ ਵਿਰਲੇ ਬੰਦੇ ਨੂੰ ਹੀ ਪ੍ਰਾਪਤ ਹੋ ਸਕਦਾ ਹੈ।

ਮੇਰੇ ਉਤੇ ਵਾਹਿਗੁਰੂ ਦੀ ਕ੍ਰਿਪਾ ਹੋਈ ਹੈ। 1924 ਤੋਂ ਲੈ ਕੇ 1947 ਤਕ 24 ਸਾਲਾਂ ਦਾ ਸਮਾਂ ਮੈਨੂੰ ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਦੀ ਛਤਰ ਛਾਇਆ ਹੇਠ ਰਹਿ ਕੇ ਪ੍ਰਾਣੀ-ਮਾਤਰ ਦੀ ਅਨੇਕ ਪ੍ਰਕਾਰ ਦੀ ਸੇਵਾ ਕਰਨ ਦਾ ਅਵਸਰ ਮਿਲਿਆ ਸੀ। ਮੈਂ ਬਹੁਤ ਸਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਦੇ ਅਸਥਾਨ ਦੇ ਬਰਾਂਡੇ ਵਿਚ ਸੌਂਦਾ ਰਿਹਾ ਜਾਂ ਅਜਿਹੀਆਂ ਥਾਵਾਂ ਤੇ ਸੌਂਦਾ ਉਠਦਾ



Sri Satguru Jagjit Singh Ji eLibrary NamdhariElibrary@gmail.com

ਬੈਠਦਾ ਰਿਹਾ ਜਿਥੇ ਹਰ ਵੇਲੇ ਮੇਰੇ ਕੰਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਅਵਾਜ਼ ਪੈਂਦੀ ਸੀ । ਬੜੇ ਬੜੇ ਕਥਾ-ਵਾਚਕ ਉਸ ਗੁਰਦੁਆਰੇ ਵਿਚ ਕਥਾ ਕਰਨ ਆਇਆ ਕਰਦੇ ਸਨ । ਗੁਰਦੁਆਰਾ ਡੇਹਰਾ ਸਾਹਿਬ ਦੇ ਮਹੰਤ ਸਾਹਿਬ ਭਾਈ ਸਾਹਿਬ ਭਾਈ ਡੇਹਾ ਸਿੰਘ ਜੀ ਤਿਆਰ-ਬਰ-ਤਿਆਰ ਗੁਰਸਿੱਖ ਸਨ । ਉਹ ਬੜੀ ਲਗਨ ਨਾਲ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ ਸਨ। ਸਾਸ ਸਾਸ ਸਿਮਰਨ ਕਰਦੇ ਸਨ । ਜਥੇਦਾਰ ਅੱਛਰ ਸਿੰਘ ਹੈੱਡ ਗ੍ਰੰਥੀ, ਭਾਈ ਸਾਹਿਬ ਕਿਸ਼ਨ ਸਿੰਘ ਹੈੱਡ ਗ੍ਰੰਥੀ ਸਾਰਿਆਂ ਨੂੰ ਗੁਰਬਾਣੀ ਨਾਲ ਪਿਆਰ ਸੀ ਤੇ ਗੁਰੂ ਗ੍ਰੰਥ ਸਾਹਿਬ ਦੇ ਚੋਣਵੇਂ ਸ਼ਬਦ ਆਮ ਗੱਲਬਾਤ 'ਚ ਉਹਨਾਂ ਦੇ ਮੂੰਹਾਂ 'ਚੋਂ ਨਿਕਲਿਆ ਕਰਦੇ ਸਨ। ਕਥਾ ਕਰਨ ਵਾਲੇ ਕਥਾ ਵਾਚਕ ਮਹੰਤ ਸਾਹਿਬਾਨ ਤੇ ਗ੍ਰੰਥੀ ਸਾਹਿਬਾਨ ਗੁਰੂ ਘਰ ਦੀਆਂ ਅਨੇਕਾਂ ਸਾਖੀਆਂ ਸੁਣਾਇਆ ਕਰਦੇ ਸਨ । ਇਸ ਤਰ੍ਹਾਂ ਮੈਨੂੰ ਗੁਰੂ ਘਰ ਦੇ ਅਨੇਕਾਂ ਸ਼ਬਦ ਯਾਦ ਹੁੰਦੇ ਗਏ ਤੇ ਗੁਰੂ ਘਰ ਦੀਆਂ ਅਨੇਕਾਂ ਸਾਖੀਆਂ ਯਾਦ ਹੁੰਦੀਆਂ ਗਈਆਂ। ਆਸਾ ਦੀ ਵਾਰ ਦਾ ਕੀਰਤਨ ਹਰ ਰੋਜ਼ ਮੇਰੇ ਕੰਨਾਂ ਵਿਚ ਪੈਂਦਾ ਸੀ । ਜਦ ਪ੍ਰਕਾਸ਼ ਅਸਥਾਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤਿ ਸ਼ਮਾਉਣ ਦੇ ਅਸਥਾਨ ਦੋਹਾਂ ਥਾਵਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਸਥਾਪਨ ਹੋ ਜਾਂਦਾ ਸੀ ਤਾਂ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਗਾਉਂਦੀ ਸੀ ।

ਰਤੇ ਸੇਈ ਜਿ ਮੁਖੁ ਨ ਮੋੜੰਨਿ੍ ॥
ਜਿਨ੍ੀ ਸਿਞਾਤਾ ਸਾਈ ॥
ਝੜਿ ਝੜਿ ਪਵਦੇ ਕਚੇ ਬਿਰਹੀ
ਜਿਨ੍ਾ ਕਾਰਿ ਨ ਆਈ ॥
ਧਣੀ ਵਿਹੂਣਾ ਪਾਟ ਪਟੰਬਰ ॥
ਭਾਹੀ ਸੇਤੀ ਜਾਲੇ ॥



Sri Satguru Jagjit Singh Ji eLibrary NamdhariElibrary@gmail.com

ਧੂੜੀ ਵਿਚ ਲੁਡੰਦੜੀ ਸੋਹਾਂ
ਨਾਨਕ ਤੈ ਸਹ ਨਾਲੇ ॥

ਇਸ ਸ਼ਬਦ ਦਾ ਭਾਵ ਅਰਥ ਇਹ ਹੈ ਕਿ ਰੱਬ ਦਾ ਰੰਗ ਉਸੇ ਬੰਦੇ ਨੂੰ ਚੜ੍ਹਿਆ ਹੁੰਦਾ ਹੈ, ਜਿਹੜਾ ਸੱਚਾਈ ਤੇ ਆਪਣੇ ਕਰਤੱਵ ਦੀ ਪੂਰਤੀ ਤੋਂ ਮੂੰਹ ਨਾ ਮੋੜੇ, ਭਾਵੇਂ ਆਪਣੇ ਕਰਤੱਵ ਦੀ ਪੂਰਤੀ ਲਈ ਉਸ ਨੂੰ ਕਿੰਨੀ ਵੀ ਕੁਰਬਾਨੀ ਕਰਨੀ ਪਵੇ, ਅਤੇ ਕਿੰਨੀਆਂ ਮੁਸੀਬਤਾਂ ਝਲਣੀਆਂ ਪੈਣ । ਜੇਕਰ ਉਸ ਨੇ ਆਪਣੀ ਕੋਠੀ ਰਿਸ਼ਵਤ ਦੇ ਪੈਸੇ ਨਾਲ ਬਣਾਈ ਹੋਵੇ ਤੇ ਸੋਫਾਸੈਟਾਂ ਨਾਲ ਸਜਾਈ ਹੋਵੇ ਤਾਂ ਉਹ ਸੋਫਾਸੈਟਾਂ ਵਾਲੀ ਉਸ ਕੋਠੀ ਨੂੰ ਛੱਡ ਦੇਵੇ, ਤੇ ਪ੍ਰਾਣੀ-ਮਾਤਰ ਦੇ ਭਲੇ ਲਈ ਉਸ ਨੂੰ ਦਾਨ ਕਰ ਦੇਵੇ । ਆਪਣੇ ਪਾਸ ਨਾ ਰੱਖੇ ਭਾਵੇਂ ਝੁੱਗੀ ਵਿਚ ਰਹਿਣਾ ਪਵੇ ਤਾਂ ਰਹੇ ਉਹ ਦਸਾਂ ਨਹੁੰਆਂ ਦੀ ਕਿਰਤ ਨਾਲ ਜੀਵਨ-ਨਿਰਬਾਹ ਕਰੇ । ਜੇਕਰ ਭਾਰਤ ਦੇ ਬੰਦੇ ਇਸ ਸ਼ਬਦ ਨੂੰ ਯਾਦ ਕਰ ਲੈਣ ਤਾਂ ਸਮਗਲਿੰਗ, ਰਿਸ਼ਵਤਖੋਰੀ, ਚੋਰ ਬਜ਼ਾਰੀ, ਘੱਟ ਤੋਲਣਾ; ਠੱਗੀ, ਡਾਕੇ ਮਿਲਾਵਟ ਸਭ ਬੰਦ ਹੋ ਸਕਦੇ ਹਨ ।

ਇਕ ਜੀਵਨਦਾਨੀ ਨਿਹੰਗ ਸਿੰਘ ਦੀ ਸਾਖੀ ਨੂੰ ਮੈਂ 1925 ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾ ਵਿਚ ਤੁਰੇ ਜਾਂਦੇ ਦੋ ਬੰਦਿਆਂ ਦੇ ਪਿਛੇ ਪਿਛੇ ਤੁਰੇ ਜਾਂਦੇ ਨੇ ਸੁਣਿਆ ਹੋਵੇਗਾ । ਇਸ ਸਾਖੀ ਨੇ ਮੇਰੇ ਜੀਵਨ ਨੂੰ ਸੇਵਾ ਦੇ ਸੱਚੇ ਵਿਚ ਢਾਲਣ ਲਈ ਬਹੁਤ ਵੱਡਾ ਕੰਮ ਕੀਤਾ ਹੈ । ਮੈਂ ਚਾਹੁੰਦਾ ਹਾਂ ਕਿ ਸ੍ਰੀ ਦਰਬਾਰ ਸਾਹਿਬ ਨੂੰ ਆਉਣ ਵਾਲੇ ਹਰ ਯਾਤਰੂ ਨੂੰ ਇਸ ਸਾਖੀ ਦਾ ਪਤਾ ਲੱਗ ਸਕੇ । ਇਸ ਸਾਖੀ ਨੂੰ ਮੈਂ ਬੋਰਡਾਂ ਤੇ ਲਿਖ ਕੇ ਸ੍ਰੀ ਦਰਬਾਰ ਸਾਹਿਬ ਤੇ ਹੋਰ ਕਈ ਵੱਡੇ ਵੱਡੇ ਗੁਰਦੁਆਰਿਆਂ ਵਿਚ ਲਾ ਛਡਿਆ ਹੈ ਤੇ ਅਨੇਕਾਂ ਹੋਰ ਗੁਰਦੁਆਰਿਆਂ ਵਿਚ ਲਾਉਣਾ ਚਾਹੁੰਦਾ ਹਾਂ ।

ਜਿਹੜੇ ਬੰਦੇ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਦੇਸ਼ ਤੇ



Sri Satguru Jagjit Singh Ji eLibrary NamdhariElibrary@gmail.com

ਦੁਨੀਆਂ ਦੇ ਕੋਨੇ ਕੋਨੇ ਤੋਂ ਆਉਂਦੇ ਹਨ, ਓਹਨਾਂ ਵਿਚੋਂ ਅਨੇਕਾਂ ਯਾਤਰੂ ਅਜਿਹੇ ਹੁੰਦੇਂ ਹਨ ਜਿਨ੍ਹਾਂ ਨੇ ਮੱਥਾ ਟੇਕ ਕੇ ਤੁਰੰਤ ਪਿਛੇ ਮੁੜ ਜਾਣਾ ਹੁੰਦਾ ਹੈ, ਭਾਵੇਂ ਕੋਈ ਯਾਤਰੂ ਅਮਰੀਕਾ ਦੇਸ਼ ਤੋਂ ਵੀ ਕਿਉਂ ਨਾ ਆਇਆ ਹੋਵੇ। ਇਸ ਲਈ ਇਹ ਜ਼ਰੂਰੀ ਬਣਦਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਘੇ ਸ਼ਬਦਾਂ, ਭਾਈ ਗੁਰਦਾਸ ਜੀ ਦੇ ਉੱਘੇ ਵਾਕਾਂ ਤੇ ਗੁਰੂ ਘਰ ਦੀਆਂ ਉੱਘੀਆਂ ਸਾਖੀਆਂ ਸਾਰੇ ਇਕ ਕਿਤਾਬਚੇ ਦੇ ਰੂਪ ਵਿਚ ਛਾਪੇ ਜਾਂਦੇ ਤੇ ਓਹਨਾਂ ਨੂੰ ਹਰ ਯਾਤਰੂ ਨੂੰ ਮੁਫ਼ਤ ਵੰਡਿਆ ਜਾਂਦਾ। ਇਹ ਅਮੋਲਕ ਗਿਆਨ ਵੀ ਸ੍ਰੀ ਦਰਬਾਰ ਸਾਹਿਬ ਤੋਂ ਮਿਲਣ ਵਾਲੇ ਪ੍ਰਸ਼ਾਦਿ ਦਾ ਇਕ ਜ਼ਰੂਰੀ ਹਿੱਸਾ ਬਨਣਾ ਚਾਹੀਦਾ ਸੀ। ਸਿੱਖ ਪੰਥ ਦੇ ਵਿਦਵਾਨਾਂ ਦਾ ਇਹ ਕਰਤੱਵ ਬਣਦਾ ਸੀ ਕਿ ਉਹ ਇਸ ਗੱਲ ਨੂੰ ਸੋਚਦੇ ਕਿ ਜਿਹੜੇ ਗੁਰੂ ਘਰ ਦੇ ਸ਼ਰਧਾਲੂ ਹਜ਼ਾਰਾਂ ਮੀਲਾਂ ਦਾ ਹਵਾਈ ਜਹਾਜ਼ ਦਾ ਜੀਵਨ ਲਈ ਖ਼ਤਰਿਆਂ ਭਰਿਆ ਸਫ਼ਰ ਤੇ ਹਜ਼ਾਰਾਂ ਰੁਪਿਆਂ ਦਾ ਖ਼ਰਚ ਤੇ ਸਫ਼ਰ ਦੀਆਂ ਖੇਚਲਾਂ ਝਲਦੇ ਹੋਏ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੇ ਹਨ ਓਹ ਏਥੋਂ ਇਸ ਤਰ੍ਹਾਂ ਨਾ ਮੁੜ ਜਾਣ ਜਿਸ ਤਰ੍ਹਾਂ ਉਹ ਦੇਸ਼ ਦੇ ਦੂਸਰੇ ਇਤਿਹਾਸਿਕ ਸਥਾਨਾਂ–ਲਾਲ ਕਿਲ੍ਹਾ ਦਿੱਲੀ ਤੇ ਤਾਜ ਮਹੱਲ ਆਗਰਾ ਤੋਂ ਨਜ਼ਰ ਮਾਰ ਕੇ ਮੁੜ ਜਾਂਦੇ ਹਨ।

ਜਦੋਂ ਸੰਨ ੧੯੬੬ ਵਿਚ ਇੰਗਲੈਂਡ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸ਼ਸਤਰ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਸਾਹਿਬ ਪੁੱਜੇ ਸਨ ਤਾਂ ਨਾ ਕੇਵਲ ਹਜ਼ਾਰਾਂ ਸਿੱਖ ਬਲਕਿ ਸਾਰੇ ਮਜ਼ਹਬਾਂ ਦੇ ਹਜ਼ਾਰਾਂ ਬੰਦੇ ਵੀ ਉਹਨਾਂ ਸ਼ਸਤਰਾਂ ਦੇ ਦਰਸ਼ਨ ਕਰਨ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਪੁੱਜੇ ਸਨ। ਅਮਰੀਕਾ, ਇੰਗਲੈਂਡ ਹਰ ਦੇਸ਼ ਦੇ ਬੰਦੇ ਆਪਣੇ ਬੱਚਿਆਂ ਨੂੰ ਮੋਢਿਆਂ ਤੇ ਚੁਕ ਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਪੁਜੇ ਸਨ। ਓਹਨਾਂ ਸ਼ਸਤਰਾਂ ਦੀ ਅੱਖੀਆਂ ਚੁੰਧਿਆ ਦੇਣ ਵਾਲੀ



Sri Satguru Jagjit Singh Ji eLibrary NamdhariElibrary@gmail.com

ਜੋ ਆਓ-ਭਗਤ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਚ ਹੋਈ ਉਸ ਉਤੇ ਜੇ ਬਡਾਨੀ ਦਾ ਇਕ ਲੇਖ ਪੰਜਾਬ ਦੇ ਅੰਗਰੇਜ਼ੀ ਅਖਬਾਰ ਟ੍ਰਿਬਿਊਨ ਵਿਚ ਨਿਕਲਿਆ ਸੀ। ਉਸ ਵਿਚ ਲੇਖਕ ਨੇ ਲਿਖਿਆ ਸੀ ਕਿ ਹੋਰਨਾਂ ਦੇਸਾਂ ਦੇ ਬੰਦੇ ਆਪਣੇ ਬੱਚਿਆਂ ਨੂੰ ਆਪਣੇ ਮੋਢਿਆਂ ਤੇ ਚੁਕ ਚੁਕ ਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਉਹਨੋਂ ਸ਼ਸਤਰਾਂ ਨੂੰ ਦੇਖਣ ਆਏ, ਓਹਨਾਂ ਦੇ ਬੱਚੇ ਉਹਨਾਂ ਨੂੰ ਪੁਛਦੇ ਸਨ ਕਿ ਗੁਰੂ ਗੋਬਿੰਦ ਸਿੰਘ ਕੌਣ ਸਨ ਤੇ ਸ਼ਸ਼ਤਰਾਂ ਦੀ ਕਹਾਣੀ ਕੀ ਹੈ। ਪਰ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਨੇ ਕੋਈ ਇਸ਼ਤਿਹਾਰ ਜਾਂ ਕਿਤਾਬਚਾ ਸ਼ਸ਼ਤਰਾਂ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂ ਬੰਦਿਆਂ ਨੂੰ ਨਾ ਵੰਡਿਆ ਤੇ ਨਾ ਹੀ ਛਾਪਿਆ ਗਿਆ ਤੇ ਨਾ ਹੀ ਕਿਸੇ ਨੂੰ ਇਹ ਗੱਲ ਸੁੱਝੀ। ਜਿਸ ਵਿਚ ਦਸਿਆ ਗਿਆ ਹੁੰਦਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੌਣ ਸਨ, ਤੇ ਇਹ ਸ਼ਸਤਰ ਭਾਰਤ ਤੋਂ ਜ਼ਬਰਦਸਤੀ ਕਿਉਂ ਇੰਗਲੈਂਡ ਲਿਜਾਏ ਗਏ ਸਨ, ਤੇ ਕੌਣ ਲੈ ਕੇ ਗਿਆ ਸੀ। ਹੇਠਾਂ ਜੇ ਥਿਡਾਨੀ ਦਾ ਅੰਗਰੇਜ਼ੀ ਲੇਖ ਦਿਤਾ ਜਾਂਦਾ ਹੈ :-

# Sword and Sacrifice

**A century after they left India, the arms of Guru Gobind Singh are back on Punjabi soil. For Sikhs everywhere it was a week of rejoicing, Many travelled from Delhi to see the relics arrived in Amritsar. Other offered thanks-givings at Delhi Gurdwaras. The promise of rain which has hovered over Delhi and Punjab this last week was interpreted by the pious as a blessing from the Guru at having his arms back where they belong.**



Sri Satguru Jagjit Singh Ji eLibrary NamdhariElibrary@gmail.com

From the moment that the relics arrived at Palam, over a month ago, pilgrims from distant corners of India have travelled to bow their heads before the sword and shield of the tenth and last Guru. And Gurdwara Rakab Ganj, where the relics were displayed in Delhi attained a prominence it has seldom known, as not only thousands of Sikhs, but citizens of all communities and large numbers of Delhi's foreigners came there to see the weapons and to learn about Guru Gobind Singh.

It is unfortunate that so little good material was available for them to learn from. In cosmopolitan Delhi, for the eager sight-seers at Rakab Ganj, it was often necessary to explain who Guru Gobind Singh was and what he did. But not many of our own countrymen seem to have more than the haziest notions of the Guru's history. Not enough, for instance, know the significance of Anandpur, for why the Guru lived there. Not enough realised; as they touched their foreheads to the ground at Rakab Ganj, that once before in Sikh history this site was famous. Here the body of Guru Teg Bahadur was brought, Gobind Singh's father, the quiet ascetic who had asked only to be allowed to live in peace and had been murdered by the Mughal rulers,

As we followed the daily reports of the relics



Sri Satguru Jagjit Singh Ji eLibrary NamdhariElibrary@gmail.com

reaching Chandigarh, Kapurthala, Amritsar, how many of us, Delhi's countless Punjabis, could bring to life the story of Guru Gobind Singh, for the interested foreigners, or for the enquiring child ? And yet, but for him, the Sikh as we know him, Punjab's Beau Ideal—warrior, horseman, poet and leader, who inspired Punjabis for centuries after, The priest and patriot who gave to India the beginnings of a nation, welded by a common culture and common faith. But for him, the gentle teachings of Guru Nanak would have lasted only as one of India's many sects. Because of him, there arose a new concept of Sikhism and a new type of Sikh, the Khalsa of Guru Gobind Singh, drawn mainly from the tough Jat peasantry, spreading and strengthening with extraordinary fervour. At Sikh valour, men the world over have marvelled ever since. At Sikh deeds of heroism, history still stands amazed.

Why did Lord Dalhousie ask for these particular relics as souvenirs for his family ? He gave no clear reasons. But from his writings we know that the Sikh Wars remained indelibly imprinted on the minds of the Imperialists who waged them and destroyed forever the Khalsa armies of free Punjab. No where in history, Dalhousie wrote of the Sikhs, had a



Sri Satguru Jagjit Singh Ji eLibrary NamdhariElibrary@gmail.com

people displayed such unbelivable valour as these men, who even in defeat were unvanquished And he attributed this incomparble courage to Guru Gobind Singh, the remarkable man who founded the Sikh army two hundred years earlier—whose. sword and shield the conqueror of the Khalsa valued more han any other token of victory.

"When all other means have failed." Guru Gobind Singh worte, "It is permissible to draw the sword." So accustomed are we to thinking of the tenth Guru as a wielder of the sword and destroyer of foes that today, eager as we are to draw swords and identify ourselves, with him few of us pause to wonder if "all other means" have in fact failed, or even been tried. Few of us bear in mind Guru Gobind Singh's hymn,

"Learn to love, be merciful, and forbear;
Be mild, be patient, have no lust, nor wrath,
Greed nor obstinacy,"

And even fewer remember that Guru Gobind Singh, who had known his father murdered, who had lived all his life with danger and treachery, nevertheless asked his followers not to do mere vengeful sword-swinging, but sacrifice—and persist in willingness to die for what they believed.



Sri Satguru Jagjit Singh Ji eLibrary NamdhariElibrary@gmail.com

As the relics move slowly home to Anandpur, Sikhs, Punjabis and Indians alike might do well today to ask themselves what sacrifice they personally would be prepared to make, and for what cause they would be willing to die.

By Jaya Thadani, Tribune 14-2-1966

Nations, like individuals, derive support and strength from the feeling that they belong to an illustrious race, that, they are heirs of their greatness, and ought to be the perpetrators of their glory. It is of momentous importance that a nation should have a great past to look back upon. It steadies the life of the present, elevates and upholds it and heightens and lifts it up, by the memory of the great deeds, the noble sufferings and the valorous achievements of the man of old.

—Samuel Smiles

A people that takes no pride in the noble achievements of remote ancestors will never achieve any thing to be remembered with pride by remote posterity. —Macaulay.

Each generation gathers together the imperishable children of the past, and increases them by sons of light, alike radiant with immortality. —Bancroft

Difficulty is a nurse of greatness—a harsh nurse, who rocks her foster children roughly,



Sri Satguru Jagjit Singh Ji eLibrary NamdhariElibrary@gmail.com

but rocks them into strength and athletic proportions. The mind grappling with mighty impediments grows by a certain necessity to the stature of greatness.—Bryant

Times of general calamity and confusion have ever been productive of the greatest minds. The purest one is produced from the hotest furnace, and the brightest thunderbolt is elicited from the darkest storm,—Colton.

## ਗੁਰਸਿੱਖ ਦੀ ਨਿੱਤ ਕਰਨੀ

ਗੁਰਸਿੱਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ ॥
ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ॥
ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤ ਸੁਣੰਦਾ ॥
ਸੰਕਾ ਮਨਹੁ ਮਿਟਾਇ ਕੈ ਗੁਰ ਸਿਖਾਂ ਦੀ ਸੇਵ ਕਰੰਦਾ ॥
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ ॥
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਾਵੰਦਾ ॥
ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ ॥
ਗੁਰਮੁਖ ਗਾਡੀ ਰਾਹੁ ਚਲੰਦਾ ॥੧੧॥੪੦॥

(ਵਾਰ ਭਾ: ਗੁਰਦਾਸ ਜੀ)

ਗੁਰਮੁਖ (ਮੁਖੀ ਗੁਰੂ, ਸ਼ਰੋਮਣੀ ਗੁਰ ਸਤਿਗੁਰ) ਨੇ ਗੁਰਸਿੱਖਾਂ ਲਈ ਇਕ ਗਾਡੀ ਰਾਹ ਚਲਾਇਆ ਹੈ, ਜਿਸ ਤੇ ਤੁਰ ਕੇ ਵੱਡੀ ਤੋਂ ਵੱਡੀ ਮੰਜ਼ਲ ਤੇ ਪੁੱਜ ਜਾਈਦਾ ਹੈ ਸਗੋਂ ਗੁਰੂ ਨਾਲ ਅਭੇਦ ਵੀ ਹੋ ਜਾਈਦਾ ਹੈ। ਉਹ ਰਾਹ ਇਹ ਹੈ :-

ਗੁਰੂ ਦਾ ਸਿੱਖ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਸਰੋਵਰਾਂ (ਅਥਵਾ ਖੂਹਾਂ ਅਤੇ ਤਾਲਾਬਾਂ) ਪੁਰ ਇਸ਼ਨਾਨ ਕਰਦਾ ਹੈ। ਗੁਰੂ ਦੇ



Sri Satguru Jagjit Singh Ji eLibrary NamdhariElibrary@gmail.com

ਬਚਨ ਜਪੁਜੀ, ਸ਼ਬਦ ਹਜ਼ਾਰੇ ਤੇ ਅਨੰਦ ਸਾਹਿਬ ਆਦਿਕ ਬਾਣੀਆਂ) ਪੜ੍ਹ ਕੇ ਧਰਮਸਾਲਾ ਦੀ 'ਸੁਰਤ' (ਧਰਮਸਾਲਾ ਵਿਚ ਜਾ ਕੇ ਸਤਿਸੰਗ) ਕਰਦਾ ਹੈ। ਸਾਧ ਸੰਗਤ ਵਿਚ ਮਿਲ ਕੇ ਗੁਰੂ ਦੀ ਬਾਣੀ ਪ੍ਰੀਤ ਨਾਲ ਸੁਣਦਾ ਹੈ। ਮਨ ਵਿਚੋਂ ਸ਼ੰਕਾਵਾਂ ਦੂਰ ਕਰ ਕੇ ਗੁਰੂ ਦੇ ਸਿੱਖਾਂ (ਸੰਗਤਾਂ) ਦੀ ਸੇਵਾ ਕਰਦਾ ਹੈ। ਉਹ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਕਰ ਕੇ ਉਸ ਵਿਚੋਂ ਪ੍ਰਸ਼ਾਦੇ ਸਾਧ ਸੰਗਤ ਵਿਚ ਲਿਆ ਕੇ ਵਰਤਾਉਂਦਾ ਹੈ (ਪਹਿਲਾਂ) ਗੁਰਸਿੱਖਾਂ (ਸੰਗਤਾਂ) ਨੂੰ ਦੇ ਕੇ (ਛਕਾ ਕੇ) ਬਚੇ ਵਿਚੋਂ ਫਿਰ ਆਪ ਛਕਦਾ ਹੈ।

ਮੇਰੇ ਸਤਿਗੁਰ ਨੇ ਇਸ ਕਲਜੁਗ ਵਿਚ ਪ੍ਰਕਾਸ਼ ਲੈ ਕੇ ਐਸੀ ਕਲਾ ਵਰਤਾਈ ਹੈ ਕਿ ਸਾਧ ਸੰਗਤ ਦੁਆਰਾ ਗੁਰੂ ਤੇ ਚੇਲਾ ਅਭੇਦ ਹੋ ਜਾਂਦੇ ਹਨ। ਗੁਰਮੁਖ (ਗੁਰੂ) ਨੇ ਇਹ ਗਾਡੀ ਰਾਹ ਸਭ ਦੀ ਕਲਿਆਣ ਲਈ ਚਲਾ ਦਿੱਤਾ ਹੈ।

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੇ ਸਰਿ ਨਾਵੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ॥
ਗੁਰ ਸੇਵਾ ਫਲੁ ਸੁਫਲ ਫਲੰਦੇ ॥੨॥

(ਭਾਈ ਗੁਰਦਾਸ, ਵਾਰ ੧੨)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ



Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਗਉੜੀ ਕੀ ਵਾਰ ਮਹਲਾ ੪, ਪੰਨਾ ੩੦੫)

(ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਪਾਤਿਸ਼ਾਹੀ ੪)

"ਸਤਿਗੁਰੂ ਦਾ ਸਿੱਖ ਹੋਣ ਦਾ ਦਾਅਵਾ ਜੋ ਮਨੁੱਖ ਕਰਦਾ ਹੈ ਉਹ ਹਰ ਰੋਜ਼ ਸਵੇਰੇ ਉਠ ਕੇ ਹਰੀ ਦਾ ਨਾਮ ਧਿਆਉਂਦਾ ਹੈ। ਉਸ ਦਾ ਰੋਜ਼ ਦਾ ਇਹ ਉੱਦਮ ਹੋ ਗਿਆ ਹੁੰਦਾ ਹੈ ਕਿ ਉਹ ਅੰਮ੍ਰਿਤ ਵੇਲੇ ਪਹਿਲਾਂ ਸਰੀਰਕ ਇਸ਼ਨਾਨ ਕਰਦਾ ਹੈ ਤੇ ਫਿਰ ਨਾਮ ਅੰਮ੍ਰਿਤ ਦੇ ਸਰੋਵਰ ਵਿਚ ਰੂਹਾਨੀ ਇਸ਼ਨਾਨ ਕਰਦਾ ਹੈ। ਗੁਰੂ ਦੇ ਉਪਦੇਸ਼ ਦੁਆਰਾ ਉਹ ਹਰੀ ਦਾ ਜਾਪ ਜਪਦਾ ਹੈ ਜਿਸ ਦੇ ਕਾਰਨ ਉਸ ਦੇ ਸਾਰੇ ਦੋਸ਼ ਤੇ ਪਾਪ ਨਸ਼ਟ ਹੋ ਜਾਂਦੇ ਹਨ। ਫਿਰ ਦਿਨ ਚੜ੍ਹਨ ਤੇ ਉਹ ਗੁਰਬਾਣੀ ਗਾਉਂਦਾ ਹੈ ਤੇ ਉਠਦਿਆਂ ਬੈਠਦਿਆਂ ਹਰੀ ਦੇ ਨਾਮ ਨੂੰ ਆਪਣੇ ਧਿਆਨ ਵਿਚ ਰੱਖਦਾ ਹੈ।ਜਿਹੜਾ ਗੁਰਸਿੱਖ ਸੁਆਸ ਸੁਆਸ ਤੇ ਖਾਂਦਿਆਂ ਪੀਂਦਿਆਂ ਮੇਰੇ ਹਰੀ ਨੂੰ ਧਿਆਉਂਦਾ ਰਹਿੰਦਾ ਹੈ ਉਹੋ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰਦਾ ਹੈ। ਜਿਸ ਵਡਭਾਗੀ ਗੁਰਸਿੱਖ ਉਤੇ ਮੇਰਾ ਮਾਲਕ ਹਰੀ ਦਿਆਲ ਹੁੰਦਾ ਹੈ ਉਸੇ ਨੂੰ ਗੁਰੂ ਦਾ ਉਪਦੇਸ਼ ਮਿਲਦਾ ਹੈ। (ਗੁਰੂ ਉਪਦੇਸ਼ ਸੁਣਦੇ ਤਾਂ ਸਾਰੇ ਹੀ ਹੁੰਦੇ ਹਨ ਪਰ ਗ੍ਰਹਿਣ ਕੋਈ ਵਡਭਾਗੀ ਹੀ ਕਰਦਾ ਹੈ। ਸਹੀ ਅਰਥਾਂ ਵਿਚ ਉਸੇ ਨੂੰ ਹੀ ਗੁਰੂ ਨੇ ਉਪਦੇਸ਼ ਸੁਣਾਇਆ ਹੈ) ਦਾਸ ਨਾਨਕ ਉਸ ਗੁਰਸਿੱਖ ਦੇ ਚਰਨਾਂ ਦੀ ਧੂੜੀ ਮੰਗਦਾ ਹੈ ਜਿਹੜਾ ਆਪ ਨਾਮ ਜਪਦਾ ਹੈ ਤੇ ਦੂਜਿਆਂ ਨੂੰ ਨਾਮ ਜਪਣ ਦੇ ਰਾਹੇ ਪਾਉਂਦਾ ਹੈ।"

ਸਮੁੱਚਾ ਭਾਵ ਇਹ ਹੈ ਕਿ ਗੁਰਸਿੱਖ ਨਾਮ ਦਾ ਵਪਾਰੀ ਹੈ ਤੇ ਜੀਵਨ ਦੇ ਹਰ ਸਮੇਂ ਉਹ ਨਾਮ ਦਾ ਵਪਾਰ ਹੀ ਕਰਦਾ ਹੈ। ਪਰ



Sri Satguru Jagjit Singh Ji eLibrary NamdhariElibrary@gmail.com

ਨਾਮ ਦਾ ਵਪਾਰੀ ਕੀ ਹੁੰਦਾ ਹੈ ? ਜੋ ਹਰੀ ਨੂੰ ਸੁਆਸ ਸੁਆਸ ਆਪਣੇ ਦਿਲ ਵਿਚ ਵਸਾਈ ਰੱਖਦਾ ਹੈ ਤੇ ਹਰੀ ਹੀ ਉਸ ਨੂੰ ਸਾਰੇ ਜੀਵਨ ਵਿਚ ਅਗਵਾਈ ਦਿੰਦਾ ਹੈ। ਸੱਚ,ਪ੍ਰੇਮ, ਪਿਆਰ, ਨਿਮ੍ਰਤਾ, ਮਿਠਾਸ, ਗਰੀਬੀ ਆਦਿਕ ਦੈਵੀ ਗੁਣਾਂ ਨਾਲ ਉਹ ਭਰਿਆ ਹੁੰਦਾ ਹੈ ਕਿਉਂਕਿ ਉਸ ਦੇ ਅੰਦਰ ਵੱਸਦਾ ਹਰੀ ਇਨ੍ਹਾਂ ਗੁਣਾਂ ਨਾਲ ਭਰਪੂਰ ਹੈ। ਨਾਮ ਸਿਮਰਨ ਨਾਲ ਗੁਰਸਿੱਖ ਭਾਰਾ ਗਉਰਾ ਹੋ ਕੇ ਆਪਣਾ ਜੀਵਨ ਤੋਰਦਾ ਹੈ,ਉਸ ਵਿਚੋਂ ਸੁਤੇ ਹੀ ਸੱਚ,ਪਿਆਰ,ਸੇਵਾ,ਅਨੰਦ ਆਦਿਕ ਨਿਕਲਦੇ ਹਨ।

## ਇਕ ਪੂਰਬੀ ਵਿਦਿਆਲਾ

ਕਿਸੇ ਸਮੇਂ ਭਾਰਤ ਵਿਚ ਸਾਡੇ ਭਾਰਤੀਆਂ ਪਾਸ ਇਕ ਐਸੀ ਸ਼ੈਅ ਹੁੰਦੀ ਸੀ ਜਿਸ ਨੂੰ ਅਸੀਂ ਆਪਣਾ ਨਿਵੇਕਲਾ ਮਨ ਕਹਿ ਸਕਦੇ ਹਾਂ। ਤਦੋਂ ਇਹ ਮਨ ਜਿਉਂਦਾ ਜਾਗਦਾ ਸੀ। ਇਹ ਸੋਚਦਾ ਸੀ, ਇਹ ਆਪਣਾ ਆਪ ਪ੍ਰਗਟਾਉਂਦਾ ਵੀ ਸੀ। ਇਹ ਬਾਹਰੋਂ ਪ੍ਰਭਾਵ ਕਬੂਲਦਾ ਸੀ ਤੇ ਨਾਲ ਹੀ ਉਸਾਰੂ ਹੋ ਜਾਂਦਾ ਸੀ। ਇਹ ਗੱਲ ਕਿ ਸਾਡੇ ਮਨ ਦਾ ਕੋਈ ਲਾਭ ਹੈ, ਸਾਡੀ ਵਿਦਿਆ ਪ੍ਰਾਪਤੀ ਦੇ ਦੌਰਾਨ ਜਾਂ ਇਸ ਦੇ ਅੰਤ ਤੇ, ਸਾਡੇ ਮੌਜੂਦਾ (ਆਧੁਨਿਕ) ਵਿਦਿਆ ਪ੍ਰਬੰਧ ਵਿਚ ਅੱਖੋਂ ਉਹਲੇ ਕਰ ਦਿਤੀ ਗਈ ਹੋਈ ਹੈ। ਸਾਡੀਆਂ ਇਮਾਰਤਾਂ ਹਨ, ਪੁਸਤਕਾਂ ਹਨ ਅਤੇ ਕਈ ਹੋਰ ਸ਼ਾਨਦਾਰ ਅਡੰਬਰ ਹਨ ਜੋ ਸਾਡੇ ਮਨ ਨੂੰ ਕੇਵਲ ਦਬਾਣ ਦਾ ਹੀ ਕੰਮ ਕਰਦੇ ਹਨ। ਇਸ ਮਨ ਨੂੰ ਤਾਂ ਹੁਣ ਇਉਂ ਸਮਝਿਆ ਜਾਂਦਾ ਹੈ ਕਿ ਮਾਨੋਂ ਲਾਏਬਰੇਰੀ ਦੀ ਇਕ ਲੱਕੜੀ ਦੀ ਅਲਮਾਰੀ ਹੈ ਜਿਸਵਿਚ ਚਮੜਾ ਜਿਲਦ ਸੈਂਚੀਆਂ ਸਾਨੂੰ ਬਾਸੀ ਜਿਹੀ ਜਾਣਕਾਰੀ ਦੇਣ ਲਈ ਰੱਖੀਆਂ ਜਾਂਦੀਆਂ ਹਨ। ਸਿੱਟਾ ਇਹ ਹੋਇਆ ਹੈ ਕਿ ਇਸ ਮਨ ਦੀ ਰੂਪ ਰੇਖਾ ਤੇ ਇਸ ਦਾ ਰੰਗ ਹੀ ਹੁਣ ਉਡ ਗਏ ਹਨ, ਇਸ ਨੇ ਮਾਨੋ, ਕਿਸੇ ਰੰਗ-ਸਾਜ਼ ਦੀ ਦੁਕਾਨ ਤੋਂ ਨਵਾਂ ਮਾਂਗਵਾਂ ਪਾਲਿਸ਼ ਲੈ ਆਂਦਾ ਹੋਇਆ ਹੈ। ਇਹ ਸਾਰੇ ਵਿਦਿਅਕ ਅਡੰਬਰ ਉਤੇ ਅਸਾਂ ਧਨ ਗਵਾਇਆ ਹੈ ਨਾਲ ਹੀ ਆਪਣੇ ਸੂਖਮ



Sri Satguru Jagjit Singh Ji eLibrary NamdhariElibrary@gmail.com

ਖਿਆਲ ਇਸ ਤੋਂ ਜੋ ਦਿਮਾਗੀ ਖਲਾਅ ਉਪਜਿਆ ਹੈ ਉਸ ਨੂੰ ਅਸਾਂ ਭਰਿਆ ਹੈ ਐਸੀ ਚੀਜ਼ ਨਾਲ ਜਿਸਨੂੰ ਸਰਕਾਰੀ ਰੀਪੋਰਟ 'ਚ ਵਿਦਿਆ ਆਖਿਆ ਜਾਂਦਾ ਹੈ। ਸੱਚੀ ਗੱਲ ਇਹ ਹੈ ਅਸਾਂ ਮਾਨੋ ਆਪਣੀਆਂ ਅੱਖਾਂ ਦੇ ਕੇ ਐਨਕਾਂ ਖਰੀਦੀਆਂ ਹਨ।

('ਰਚਨਾਤਮਿਕ ਏਕਤਾ' ਪੁਸਤਕ ਵਿਚੋਂ)

# ਆਦਰਸ਼ਕ ਸੇਵਕ

("ਸਿੱਖ ਧਰਮ ਦੀਆਂ ਬੁਨਿਆਦਾਂ" ਪੁਸਤਕ ਵਿਚੋਂ)

"ਜੋ ਲੋੜੀਂਦੇ ਰਾਮ ਸੇਵਕ ਸੇਈ ਕਾਂਢਿਆ ॥"

(ਵਡਹੰਸ ਮਹਲਾ ੫, ਪੰਨਾ ੫੭੮)

ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ।

ਅਰਥਾਤ–ਜੋ ਪੁਰਖ ਸੇਵਾ ਕਰਦੇ ਵੀ ਰਾਮ ਨੂੰ ਹੀ ਲੱਭਦੇ ਹਨ ਉਹੋ ਅਸਲ ਸੇਵਕ ਹੁੰਦੇ ਹਨ।

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨਾ ਘਾਲਿਓ ॥ ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥ ੧ ॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥ ੧ ॥ ਰਹਾਉ ॥ ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥ ਸਹਜੁ ਅਨੰਦ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥ ੨ ॥ ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥ ੩ ॥ ਭਇਓ ਕ੍ਰਿਪਾਲ ਠਾਕੁਰ ਸੇਵਕ ਕਉ ਸਵਰੇ ਹਲਤ ਪਲਾਤਾ ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥

(ਮਾਰੂ ਮਹਲਾ ੫, ਪੰਨਾ ੧੦੦੦)



Sri Satguru Jagjit Singh Ji eLibrary NamdhariElibrary@gmail.com

ਅਰਥਾਤ—"ਸੇਵਕ ਆਪਣੇ ਮਨ ਅੰਦਰ ਮਾਨ, ਮੋਹ, ਲੋਭ ਤੇ ਹੋਰ ਵਿਕਾਰਾਂ ਨੂੰ ਦਾਖ਼ਲ ਨਹੀਂ ਹੋਣ ਦਿੰਦਾ। ਉਹ ਹਰੀ ਤੋਂ ਬਿਨਾਂ ਕਿਸੇ ਹੋਰ ਨੂੰ ਮਨ ਵਿਚ ਥਾਂ ਨਹੀਂ ਦਿੰਦਾ। ਉਹ ਕੇਵਲ ਹਰੀ ਨਾਮ ਅਤੇ ਹਰੀ ਦੇ ਗੁਣਾਂ ਦਾ ਰੂਪ ਰਤਨਾਂ ਦਾ ਖ਼ਰੀਦਾਰ ਹੈ ਤੇ ਇਹ ਸਮੱਗਰੀ ਲੱਦ ਕੇ ਚਲਿਆ ਹੈ। ਸੇਵਕ ਦੀ ਪ੍ਰੀਤੀ ਤੋੜ ਤੱਕ ਨਿਭ ਗਈ ਹੈ। ਸਾਰੀ ਉਮਰ ਉਸ ਨੇ ਸਾਹਿਬ ਦੀ ਸੇਵਾ ਕੀਤੀ ਹੈ ਤੇ ਸੰਸਾਰ ਤੋਂ ਜਾਣ ਵੇਲੇ ਵੀ ਸਾਹਿਬ ਨੂੰ ਹੀ ਦਿਲ ਵਿਚ ਰੱਖਿਆ ਹੈ ਜੋ ਵੀ ਮਾਲਕ ਨੇ ਹੁਕਮ ਦਿਤਾ ਹੈ ਉਸ ਨੇ ਉਸ ਤੋਂ ਕਦੇ ਮੂੰਹ ਨਹੀਂ ਮੋੜਿਆ। ਜੇ ਮਾਲਕ ਨੇ ਘਰ ਰੱਖਿਆ ਤਾਂ ਉਥੇ ਹੀ ਪੂਰਨ ਅਨੰਦ ਜਾਤਾ ਹੈ ਤੇ ਜੇ ਉਸ ਨੇ ਆਖਿਆ 'ਉਠ' ਤਾਂ ਤੁਰੰਤ ਉਥੋਂ ਦੌੜ ਪਿਆ ਹੈ। ਜੇ ਉਸ ਦੇ ਹੁਕਮ ਵਿਚ ਭੁੱਖੇ ਰਹਿਣਾ ਪਿਆ ਹੈ ਤਾਂ ਇਸੇ ਨੂੰ ਸੁਖ ਸਮਝਿਆ ਹੈ, ਖ਼ੁਸ਼ੀ ਤੇ ਗ਼ਮੀ ਦੋਹਾਂ ਤੋਂ ਉਹ ਉਤੇ ਰਿਹਾ ਹੈ। ਜੋ ਵੀ ਹੁਕਮ ਉਸ ਨੂੰ ਸਾਹਿਬ ਵਲੋਂ ਆਇਆ ਹੈ ਉਸ ਨੇ ਖਿੜੇ ਮੱਥੇ ਉਸ ਨੂੰ ਪਰਵਾਨ ਕੀਤਾ ਹੈ ਤਾਂ ਹੀ ਠਾਕੁਰ ਸੇਵਕ ਤੇ ਪਰਸੰਨ ਹੋਇਆ ਹੈ ਤੇ ਸੇਵਕ ਦੇ ਲੋਕ ਤੇ ਪਰਲੋਕ ਸੰਵਰ ਗਏ ਹਨ। ਧੰਨ ਹੈ ਐਸਾ ਸੇਵਕ ਤੇ, ਹੇ ਨਾਨਕ ਸਫ਼ਲ ਹੈ ਉਸੇ ਸੇਵਕ ਦਾ ਸੰਸਾਰ ਵਿਚ ਆਵਣਾ, ਜਿਸ ਨੇ ਆਪਣੇ ਮਾਲਕ ਨੂੰ ਪਛਾਣ ਲਿਆ ਹੈ।

ਇਸ ਸ਼ਬਦ ਵਿਚ ਇਕ ਪੂਰਨ ਆਗਿਆਕਾਰੀ ਸੇਵਕ ਦੀ ਤਸਵੀਰ ਵਿਖਾਈ ਗਈ ਹੈ। ਕਈ ਹੋਰ ਸ਼ਬਦ ਵੀ ਮਿਲਦੇ ਹਨ ਜਿਨ੍ਹਾਂ ਵਿਚ ਸੇਵਾ ਤੇ ਬੜਾ ਜ਼ੋਰ ਦਿਤਾ ਗਿਆ ਹੁੰਦਾ ਹੈ। ਏਸੇ ਕਾਰਨ ਹੀ ਸਿੱਖ ਇਤਿਹਾਸ ਸੇਵਾ, ਉਪਕਾਰ ਤੇ ਕੁਰਬਾਨੀਆਂ ਦੇ ਅਦੁੱਤੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ :

ਵਿਚਿ ਦੁਨੀਆ ਸੇਵ ਕਮਾਈਐ
ਤਾ ਦਰਗਹ ਬੈਸਣੁ ਪਾਈਐ ॥

(ਸਿਰੀ ਰਾਗ ਮਹਲਾ ੧, ਪੰਨਾ ੨੬)



Sri Satguru Jagjit Singh Ji eLibrary NamdhariElibrary@gmail.com

ਅਰਥਾਤ–"ਇਸ ਦੁਨੀਆਂ ਅੰਦਰ ਜੇ ਸੇਵਾ ਕਰਦੇ ਰਹੀਏ ਤਾਂ ਰੱਬ ਦੀ ਦਰਗਾਹ ਵਿਚ ਆਦਰ ਦੀ ਥਾਂ ਮਿਲਦੀ ਹੈ।"

ਪਰ ਸੇਵਾ ਕੇਹੀ ? ਜਿਸ ਆਦਰਸ਼ਕ ਸੇਵਾਂ ਦਾ ਨਮੂਨਾ ਗੁਰੂ ਅਰਜਨ ਦੇਵ ਜੀ ਇਥੇ ਪੇਸ਼ ਕਰ ਰਹੇ ਹਨ ਉਹ ਇਤਨਾ ਖ਼ੂਬਸੂਰਤ ਤੇ ਮਹਾਨ ਵਿਖਾਇਆ ਗਿਆ ਹੈ ਕਿ ਅਜਿਹਾ ਸੇਵਕ ਉਹ ਆਪ ਹੀ ਹੋਣੇ ਹਨ। ਉਹਨਾਂ ਦਾ ਜੀਵਨ ਇਕ ਅਣਥੱਕ ਸੇਵਕ ਦਾ ਜੀਵਨ ਹੈ ਜੋ ਸਾਰੇ ਦਾ ਸਾਰਾ ਹੀ ਸੇਵਾ ਕਰਦਿਆਂ ਗੁਜ਼ਰਿਆ ਹੈ ਤੇ ਜਿਸ ਵਿਚ ਉੱਦਮ ਤੇ ਮਿਹਨਤ ਇਸ ਕਦਰ ਲਗਾਤਾਰ ਹੋਈ ਹੈ ਕਿ ਜੀਵਨ ਦਾ ਇਕ ਮਿੰਟ ਵੀ ਅਜਾਈਂ ਨਹੀਂ ਗਿਆ। ਹਰਿਮੰਦਰ ਸਾਹਿਬ, ਤਰਨਤਾਰਨ ਸਾਹਿਬ ਆਦਿਕ ਕਈ ਵੱਡੇ ਵੱਡੇ ਤੀਰਥ ਉਹਨਾਂ ਹੀ ਬਣਵਾਏ ਸਨ। ਉਹਨਾਂ ਹੀ ਭਾਈ ਗੁਰਦਾਸ ਜੀ ਦੀ ਸੇਵਾ ਪਰਾਪਤ ਕਰ ਕੇ ਕਈ ਸਾਲਾਂ ਦੀ ਘਾਲਣਾ ਨਾਲ ਗੁਰਬਾਣੀ ਨੂੰ ਜਥੇਬੰਦ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਧੀ ਸੀ।

ਇਸ ਬੀੜ ਵਿਚ ਬਾਣੀ ਦੀ ਹਰ ਲਗ-ਮਾਤਰ ਚੰਗੀ ਤਰ੍ਹਾਂ ਸੋਧ ਕੇ ਉਹਨਾਂ ਨਿਯਮਾਂ ਤੇ ਰਾਗਾਂ ਅਨੁਸਾਰ ਇਸ ਨੂੰ ਚਾੜ੍ਹਿਆ ਸੀ। ਬਹੁਤ ਸਾਰੀ ਬਾਣੀ ਉਹਨਾਂ ਦੀ ਆਪਣੀ ਰਚਨਾ ਹੈ। ਫਿਰ ਉਹਨਾਂ ਨੇ ਲੋਕ-ਭਲਾਈ ਨੂੰ ਮੁੱਖ ਰੱਖ ਕੇ ਕਈ ਬਾਉਲੀਆਂ ਬਣਵਾਈਆਂ। ਪਿੰਡ ਵਸਾਏ ਤੇ ਤਜਾਰਤ ਦੇ ਕੇਂਦਰ ਕਾਇਮ ਕੀਤੇ ਸਨ। ਥਾਂ ਥਾਂ ਪਰਚਾਰ ਦੇ ਅੱਡੇ ਖੜੇ ਕਰ ਕੇ ਲਗਾਤਾਰ ਪਰਚਾਰ ਦੁਆਰਾ ਮਨੁੱਖਾ ਸਮਾਜ ਅੰਦਰ ਜਾਗਰਤੀ ਲਿਆਂਦੀ ਸੀ ਤੇ ਸਮਾਜ ਨੂੰ ਹਰ ਤਰ੍ਹਾਂ ਤਾਕਤਵਰ ਬਣਾਇਆ ਸੀ। ਇਹ ਲੇਖ "ਸਿੱਖ ਧਰਮ ਦੀਆਂ ਬੁਨਿਆਦਾਂ" ਪੁਸਤਕ ਵਿਚੋਂ ਲਿਆ ਗਿਆ ਹੈ। ਪੁਸਤਕ ਦੇ ਲਿਖਾਰੀ ਸਰਦਾਰ ਨਰੈਣ ਸਿੰਘ ਜੀ ਗੁਰਮਤਿ ਦੇ ਮਹਾਨ ਵਿਦਵਾਨ ਹਨ ਤੇ ਉਹਨਾਂ ਨੇ ਸਾਰੀ ਉਮਰ ਗੁਰਮਤਿ ਦੀ ਖੋਜ ਵਿਚ ਗੁਜ਼ਾਰੀ ਹੈ।



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਗੁਰੂ ਅਰਜਨ ਦੇਵ ਜੀ ਤੇ ਲਾਹੌਰ ਦਾ ਕਾਲ

ਲਾਹੌਰ ਸ਼ਹਿਰ ਵਿਚ ਕਾਲ ਪੈ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਲਾਹੌਰ ਦੀ ਹਾਲਤ ਬਹੁਤ ਹੀ ਭਿਆਨਕ ਰੂਪ ਧਾਰਨ ਕਰ ਰਹੀ ਹੈ। ਸਮਕਾਲੀ ਇਤਿਹਾਸਕਾਰ ਨੂਰੁਲ ਹੱਕ ਦੇ ਕਥਨ ਅਨੁਸਾਰ "ਭੁੱਖ ਤੇ ਰੋਗਾਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ। ਉਹਨਾਂ ਲੋਥਾਂ ਨੂੰ ਸ਼ਹਿਰ ਵਿਚੋਂ ਚੁੱਕ ਕੇ ਬਾਹਰ ਦੱਬਣ ਸਾੜਨ ਦਾ ਕੋਈ ਵੀ ਪਰਬੰਧ ਨਹੀਂ ਸੀ।" ਇਤਨੀ ਭੈੜੀ ਹਾਲਤ ਲਾਹੌਰ ਦੀ ਹੋ ਗਈ ਸੀ ਕਿ ਅਕਬਰ ਬਾਦਸ਼ਾਹ ਨੂੰ ਆਪ ਦਿੱਲੀ ਦੇ ਆਪਣੇ ਤਖਤ ਤੋਂ ਮੌਕੇ ਉਤੇ ਆਉਣਾ ਪਿਆ।

ਸੰਨ ੧੫੯੭ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਲਾਹੌਰ ਪੁੱਜੇ। ਉਸ ਸਮੇਂ ਤੱਕ ਗੁਰੂ ਜੀ ਪਾਸ ਸੰਗਤਾਂ ਪਾਸੋਂ ਆਏ ਹੋਏ ਦਸਵੰਧ ਦੀ ਰਕਮ ਸ੍ਰੀ ਦਰਬਾਰ ਸਾਹਿਬ ਜੀ ਦੇ ਖ਼ਜ਼ਾਨੇ ਵਿਚ ਕਾਫੀ ਜਮ੍ਹਾਂ ਹੋ ਗਈ ਸੀ। ਗੁਰੂ ਜੀ ਨੇ ਲੋੜਵੰਦਾਂ ਨੂੰ ਸਹਾਇਤਾ ਪੁਚਾਣੀ ਸ਼ੁਰੂ ਕੀਤੀ। ਸਦਾ-ਬਰਤ ਲੰਗਰ ਜਾਰੀ ਕਰ ਦਿਤੇ। ਨਿਆਸਰਿਆਂ ਤੇ ਨਿਥਾਵਿਆਂ ਨੂੰ ਟਿਕਾਣਾ ਦੇਣ ਲਈ ਚੂਨੇ ਮੰਡੀ ਵਿਚ ਇਮਾਰਤ ਦਾ ਕੰਮ ਸ਼ੁਰੂ ਕਰ ਦਿਤਾ ਗਿਆ। ਡੱਬੀ ਬਾਜ਼ਾਰ ਵਿਚ ਬਾਉਲੀ ਬਣਾਉਣੀ ਸ਼ੁਰੂ ਕੀਤੀ ਗਈ। ਇਹਨਾਂ ਉਸਾਰੀ ਦੇ ਕੰਮਾਂ ਕਾਰਨ ਬੇ-ਰੁਜ਼ਗਾਰਾਂ ਨੂੰ ਕੰਮ ਮਿਲਣੇ ਸ਼ੁਰੂ ਹੋ ਗਏ ਤੇ ਸਿਰ ਛੁਪਾਣ ਵਾਸਤੇ ਥਾਂ ਵੀ ਬਣ ਗਈ। ਮੁਰਦੇ ਚੁੱਕਣ, ਸਾੜਨ ਤੇ ਦਬਾਉਣ ਦਾ ਕੰਮ ਗੁਰੂ ਜੀ ਨੇ ਆਪ ਕੀਤਾ। ਲੋਕੀਂ ਵੇਖ ਕੇ ਵਾਹ ਵਾਹ ਕਰ ਰਹੇ ਸਨ ਤੇ ਧੰਨ ਗੁਰੂ ਅਰਜਨ, ਧੰਨ ਗੁਰੂ ਅਰਜਨ ਦੀ



Sri Satguru Jagjit Singh Ji eLibrary NamdhariElibrary@gmail.com

ਧੁਨੀ ਲਗਾ ਰਹੇ ਸਨ। ਅੱਠ ਮਹੀਨੇ ਆਪ ਲਾਹੌਰ ਹੀ ਰਹੇ, ਫਿਰ ਉਸਾਰੀ ਦਾ ਕੰਮ ਸਿੱਖਾਂ ਦੇ ਸਪੁਰਦ ਕਰ ਕੇ ਆਪ ਪਿੰਡਾਂ ਵਿਚ ਪ੍ਰਚਾਰ ਕਰਨ ਤੇ ਲੋੜਵੰਦਾਂ ਨੂੰ ਸਹਾਇਤਾ ਦੇਣ ਚਲੇ ਗਏ।

ਤਰਨ ਤਾਰਨ ਵਿਚ ਆਪ ਨੇ ਖ਼ਾਸ ਤੌਰ ਤੇ ਕੋਹੜਿਆਂ ਤੇ ਪਿੰਗਲਿਆਂ ਵਾਸਤੇ ਪਿੰਗਲਵਾੜਾ ਬਣਾਇਆ, ਉਨ੍ਹਾਂ ਦੇ ਰਹਿਣ, ਦਵਾਈ ਆਦਿ ਤੇ ਹੋਰ ਸਾਰੇ ਪ੍ਰਬੰਧ ਕੀਤੇ। ਜਿੰਨੇ ਖੂਹ ਗੁਰੂ ਅਰਜਨ ਦੇਵ ਜੀ ਨੇ ਮਾਝੇ ਵਿਚ ਲਗਵਾਏ ਸਨ ਏਨੇ ਕਿਸੇ ਹੋਰ ਵਿਅਕਤੀ ਨੇ ਨਹੀਂ ਲਗਵਾਏ। ਆਪ ਨੇ ਰੋਗੀਆਂ ਦੇ ਸਰੀਰਕ ਰੋਗ ਦਵਾਈਆਂ ਵੰਡ ਵੰਡ ਦੂਰ ਕੀਤੇ। ਪੁਸਤਕ–"ਸਾਡਾ ਇਤਿਹਾਸ ਦਸ ਪਾਤਸ਼ਾਹੀਆਂ" ਲੇਖਕ ਪ੍ਰੋਫ਼ੈਸਰ ਸਤਿਬੀਰ ਸਿੰਘ। ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ ਸ਼ਹਿਰ ਸਾਂਝੇ ਪੰਜਾਬ ਦੀ ਰਾਜਧਾਨੀ ਦਾ ਸ਼ਹਿਰ ਸੀ ਜੋ ਹੁਣ ਪੱਛਮੀ ਪਾਕਿਸਤਾਨ ਵਿਚ ਰਹਿ ਗਿਆ ਹੈ।

ਗੁਰੂ ਘਰ ਦੇ ਇਤਿਹਾਸ ਦਾ ਉਪਰ ਲਿਖਿਆ ਵਿਰਤਾਂਤ ਅਜਿਹਾ ਹੈ ਜਿਹੜਾ ਗੁਰੂ ਘਰ ਦੀ ਸ਼ੋਭਾ ਨੂੰ ਮਨੁੱਖੀ ਸਭਿਅਤਾ ਦੇ ਆਕਾਸ਼ ਵਿਚ ਪਹੁੰਚਾ ਰਿਹਾ ਹੈ। ਮੇਰੀ ਇੱਛਾ ਹੈ ਕਿ ਮੈਂ ਆਪਣੇ ਇਸ਼ਤਿਹਾਰਾਂ, ਕਿਤਾਬਚਿਆਂ ਤੇ ਬੋਰਡਾਂ ਦੁਆਰਾ ਅਜਿਹੇ ਵਿਰਤਾਂਤ ਦਾ ਵੱਧ ਤੋਂ ਵੱਧ ਪ੍ਰਚਾਰ ਦੇਸ਼ ਦੇ ਹਰ ਹਿੱਸੇ ਵਿਚ ਕਰਾਂ।

---

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਸਥਾਪਤ ਕੀਤੇ ਹੋਏ ਸਿੱਖ ਪੰਥ ਦੇ ਤਖ਼ਤ

## ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ

ਦੇ ਇਤਿਹਾਸ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ਸ੍ਰੀ ਅਨੰਦਪੁਰ ਸਾਹਿਬ ਵਿਚ ਮਨੁੱਖੀ ਆਤਮਾ ਦੀਆਂ ਖ਼ੁਸ਼ੀਆਂ-ਭਰੀ ਸ਼ਕਤੀ ਕਈ ਵੱਖ ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਸੀ। ਹਰ



Sri Satguru Jagjit Singh Ji eLibrary NamdhariElibrary@gmail.com

ਨਵੇਂ ਦਿਨ ਨਵੇਂ ਖ਼ਿਆਲ ਵਾਯੂ-ਮੰਡਲ ਵਿਚ ਫੈਲ ਜਾਂਦੇ ਸਨ ਅਤੇ ਖ਼ਾਲਸਾ ਪੰਥ ਨਵਿਆਂ ਰੰਗਾਂ ਵਿਚ ਰੰਗਿਆ ਜਾਂਦਾ ਸੀ। ਸੇਵਾ-ਪੰਥੀ ਨਿਰਮਲੇ ਤੇ ਸਹਿਜਧਾਰੀ ਨਵੇਂ ਨਵੇਂ ਉੱਚੇ ਤੇ ਚਮਕੀਲੇ ਫ਼ੈਸਲੇ ਕਰਦੇ ਸਨ ਅਤੇ ਇਨ੍ਹਾਂ ਸਾਰਿਆਂ ਤੋਂ ਪਿਛੇਰੇ ਤੇ ਉਚੇਰੇ ਸਨ ਅਕਾਲੀ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਇਸ ਧਰਤੀ ਦੀ ਮਲ ਮੈਲ ਤੋਂ ਸਾਫ਼ ਕਰ ਲਿਆ ਸੀ। ਉਹ ਸੰਸਾਰ ਦੇ ਇਸ ਮਾਇਆ-ਰੂਪੀ ਜਾਲ ਤੋਂ ਬਿਲਕੁਲ ਸੁਤੰਤਰ ਹੋ ਕੇ ਗੁਰੂ ਦੇ ਸੁਪਨਿਆਂ ਨਾਲ ਇਕ-ਮਿਕ ਹੋ ਗਏ ਸਨ।

ਸੇਵਾ-ਪੰਥੀਆਂ ਨੇ ਸੇਵਾ ਦੇ ਕਰਤੱਵਾਂ ਲਈ ਆਪਣੇ ਆਪ ਨੂੰ ਅਰਪਨ ਕੀਤਾ ਤੇ ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੈਡ-ਕਰਾਸ (ਸੁਰਖ਼-ਸਲੀਬ) ਦੀ ਨੀਂਹ ਰੱਖੀ–ਜਿਸ ਨੇ ਮਿੱਤਰਾਂ ਤੇ ਵੈਰੀਆਂ ਦੀ ਇਕੋ ਜੇਹੀ ਸੇਵਾ ਕੀਤੀ। ਉਹ ਜੰਗ ਦੇ ਮੈਦਾਨ ਵਿਚ ਆਪਣੀ ਪਿੱਠ ਤੇ ਪਾਣੀ ਚੁੱਕ ਕੇ ਲੈ ਜਾਂਦੇ ਸਨ ਅਤੇ ਜ਼ਖ਼ਮਾਂ ਤੇ ਪਿਆਸ ਨਾਲ ਮਰ ਰਹੇ ਬੰਦਿਆਂ ਦੇ ਬੁਲ੍ਹਾਂ ਨਾਲ ਪਾਣੀ ਦਾ ਰਹਿਮ ਵਾਲਾ ਬਾਟਾ ਲਾਉਂਦੇ ਸਨ। ਜੰਗ ਦੇ ਮੈਦਾਨ ਨੂੰ ਪਾਣੀ ਪਿਲਾਉਣ ਲਈ ਜਾਂਦੇ ਹੋਏ ਉਹ ਮੁੱਢਲੀ ਮਲ੍ਹਮ-ਪੱਟੀ ਦਾ ਸਮਾਨ ਵੀ ਆਪਣੇ ਨਾਲ ਲੈ ਜਾਂਦੇ ਸਨ ਅਤੇ ਜਰਾਹੀ (ਚੀਰ-ਫਾੜ ਕਰਨ) ਤੇ ਔਸ਼ਧੀ (ਦਵਾਈ) ਦੇ ਇਲਮ ਵੀ ਉਹ ਸਿੱਖਦੇ ਸਨ।

ਨਿਰਮਲਿਆਂ ਨੇ ਆਪਣੇ ਆਪ ਨੂੰ ਵਿੱਦਿਆ ਪ੍ਰਾਪਤ ਕਰਨ ਤੇ ਲਗਾ ਦਿਤਾ। ਉਹਨਾਂ ਸੰਸਕ੍ਰਿਤ ਤੇ ਵੇਦਾਂਤ ਪੜ੍ਹਿਆ ਅਤੇ ਦੇਸ਼ ਭਰ ਵਿਚ ਵਿੱਦਿਆ ਫੈਲਾਣ ਅਤੇ ਉਸ ਸਾਹਿਤ ਨੂੰ ਪਹੁੰਚਾਣ ਲਈ ਤੁਰ ਪਏ ਜੋ ਸ੍ਰੀ ਅਨੰਦਪੁਰ ਸਾਹਿਬ ਵਿਚ ਰਚਿਆ ਗਿਆ ਸੀ। (ਪ੍ਰੋ: ਪੂਰਨ ਸਿੰਘ ਜੀ ਦੀ ਅੰਗਰੇਜ਼ੀ ਪੁਸਤਕ 'ਦਸ ਗੁਰੂ ਸਾਹਿਬਾਨ' 'A Book of Ten masters' ਵਿਚੋਂ)।

ਮਿਲਣ ਦਾ ਪਤਾ : ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ।



Sri Satguru Jagjit Singh Ji eLibrary NamdhariElibrary@gmail.com

# ਇਕ ਜੀਵਨ ਦਾਨੀ ਇਤਿਹਾਸਕ ਨਿਹੰਗ ਸਿੰਘ

ਇਕ ਨਿਹੰਗ ਸਿੰਘ ਮੋਨਧਾਰੀ ਹੋ ਗਿਆ ਤੇ ਸੰਸਾਰ ਛੱਡ ਕੇ ਕਿਨਾਰਾ ਕਰ ਗਿਆ। ਨਾ ਉਹ ਕਿਸੇ ਤੋਂ ਕੁਝ ਮੰਗਦਾ ਤੇ ਨਾ ਹੀ ਕਿਸੇ ਸ਼ੈ ਦੀ ਕੋਈ ਇੱਛਾ ਹੀ ਰੱਖਦਾ। ਜਦੋਂ ਕਦੀ ਅੰਨ ਮਿਲ ਜਾਂਦਾ ਤਾਂ ਖਾ ਲੈਂਦਾ, ਨਹੀਂ ਤਾਂ ਕਈ ਕਈ ਦਿਨ ਉਹ ਫਾਕੇ ਮਸਤ ਹੀ ਰਹਿੰਦਾ। ਕਨਿੰਘਮ ਸਾਹਬ ਨੂੰ ਉਸ ਦੀ ਇਸ ਬਿਰਤੀ ਦੀ ਖ਼ਬਰ ਉਦੋਂ ਮਿਲੀ ਜਦੋਂ ਉਹ ਇਕ ਘਣੇ ਜੰਗਲ ਵਿਚੋਂ ਇਕ ਚੌੜੀ ਸੜਕ ਪੁੱਟ ਰਿਹਾ ਸੀ। ਉਸ ਸਿੰਘ ਨੂੰ ਸੜਕ ਪੁੱਟਦਾ ਵੇਖ ਕੇ ਕਨਿੰਘਮ ਸਾਹਿਬ ਹੈਰਾਨ ਹੋਇਆ ਤੇ ਉਸ ਨੇ ਆਪਣੇ ਦਿਲ ਵਿਚ ਸੋਚਿਆ ਕਿ ਇਹ ਸਿੰਘ ਇਕ ਵਿਰੱਕਤ ਸਿੰਘ ਹੁੰਦਾ ਹੋਇਆ ਵੀ ਮਜੂਰਾਂ ਵਾਂਗ ਸੜਕ ਕਿਉਂ ਪੁੱਟ ਰਿਹਾ ਹੈ? ਆਪਣੇ ਹਿਰਦੇ ਦੀ ਇਹ ਸ਼ੰਕਾ ਦੂਰ ਕਰਨ ਲਈ ਉਸ ਨੇ ਸਿੰਘਾਂ ਨੂੰ ਪੁੱਛਿਆ ਕਿ ਜਦੋਂ ਉਹ ਵਿਰੱਕਤ ਸਿੰਘ ਹੋ ਚੁੱਕੇ ਹਨ ਤਾਂ ਫੇਰ ਉਨ੍ਹਾਂ ਨੂੰ ਹੋਰਨਾਂ ਲੋਕਾਂ ਲਈ ਮਜ਼ਦੂਰਾਂ ਵਾਲੀਆਂ ਕਰੜੀਆਂ ਸ਼ਰੀਰਕ ਘਾਲਾਂ ਘਾਲਣ ਦੀ ਕੀ ਲੋੜ ਹੈ?

ਸਾਹਬ ਦੇ ਇਸ ਪ੍ਰਸ਼ਨ ਉਤੇ ਸਿੰਘ ਚੁੱਪ ਰਿਹਾ। ਪਰ ਸਾਹਬ ਦੇ ਹਿਰਦੇ ਵਿਚ ਬੜੀ ਭਾਰੀ ਹੈਰਾਨੀ ਪੈਦਾ ਹੋਈ ਸੀ, ਜਿਸ ਨੂੰ ਉਹ ਦੂਰ ਕਰਨਾ ਚਾਹੁੰਦਾ ਸੀ। ਇਸ ਲਈ ਸਾਹਬ ਨੇ ਸਿੰਘ ਨੂੰ ਉੱਤਰ ਦੇਣ ਦੀ ਫਿਰ ਬੇਨਤੀ ਕੀਤੀ। ਸਿੰਘ ਨੇ ਉੱਤਰ ਦਿੱਤਾ ਕਿ ਉਸ ਨੂੰ ਕਿਸੇ ਸ਼ੈਅ ਦੀ ਲੋੜ ਨਹੀਂ ਹੈ ਤੇ ਉਹ ਇਥੋਂ ਤਕ ਕਿ ਸੰਸਾਰਕ ਲੋੜਾਂ ਤੋਂ ਬੇਪਰਵਾਹ ਹੈ ਕਿ ਰੋਟੀ ਨਾ ਮਿਲਣ ਉਤੇ ਨਿਰਬਾਹ ਵੀ ਉਹ ਜੜ੍ਹ ਅਥਵਾ ਜੰਗਲੀ ਫਲ ਖਾ ਕੇ ਹੀ ਆਪਣਾ ਨਿਰਬਾਹ ਕਰ ਲੈਂਦਾ।ਸੜਕ ਉਹ ਇਸ ਲਈ ਪੁੱਟ ਰਿਹਾ ਹੈ ਕਿਉਂਕਿ ਏਧਰ ਇਕ ਭਾਰੀ ਨਗਰ ਵਸਦਾ ਹੈ ਜਿਸ ਦਾ ਰਸਤਾ ਇਕ ਜੰਗਲ



Sri Satguru Jagjit Singh Ji eLibrary NamdhariElibrary@gmail.com

ਵਿਚੋਂ ਪਗਡੰਡੀਆਂ ਦਾ ਹੈ। ਰਾਹੀ ਲੋਕਾਂ ਨੂੰ ਇਸ ਘਣੇ ਜੰਗਲ ਵਿਚ ਜੰਗਲੀ ਜਨੌਰਾਂ ਤੇ ਧਾੜਵੀ ਬੰਦਿਆਂ ਤੋਂ ਬਹੁਤ ਦੁੱਖ ਪੁਜਦਾ ਹੈ। ਇਸ ਲਈ ਜੇਕਰ ਇਸ ਥਾਂ ਉਤੇ ਇਕ ਸੜਕ ਬਣਾ ਦਿਤੀ ਜਾਵੇ ਤਾਂ ਉਸ ਦਾ ਇਲਾਕੇ ਦੀ ਜਨਤਾ ਨੂੰ ਬੜਾ ਸੁਖ ਹੋਵੇਗਾ। ਸਪੱਸ਼ਟ ਹੈ ਕਿ ਸਿੰਘ ਜੀ ਦਾ ਇਹ ਵਿਸ਼ਵਾਸ਼ ਨਹੀਂ ਸੀ ਕਿ ਵਿਰਕਤਾਂ ਨੂੰ ਦੁਨੀਆਂ ਤੋਂ ਅਲੱਗ ਹੋ ਜਾਣਾ ਚਾਹੀਦਾ ਹੈ ਸਗੋਂ ਸੇਵਕ ਹੋ ਕੇ ਵਿਚਰਨਾ ਚਾਹੀਦਾ ਹੈ। ਸਿੰਘ ਦੀ ਸਹੀ ਵਿਚਾਰਧਾਰਾ ਨੂੰ ਸਮਝਦਿਆਂ ਹੋਇਆਂ ਕਿਸੇ ਨੇ ਕੋਲੋਂ ਕਿਹਾ ਕਿ ਜਦੋਂ ਉਹ ਸੰਸਾਰ ਤੋਂ ਵਿਰਕਤ ਹੀ ਹੋ ਗਿਆ ਹੈ ਤਾਂ ਉਸ ਨੂੰ ਇਹ ਸੜਕ ਪੁੱਟਣ ਦਾ ਕਠਿਨ ਕੰਮ ਕਰਨ ਦੀ ਕੀ ਲੋੜ ਹੈ-ਜਿਸ ਦੀ ਕਰੜੀ ਸਰੀਰਕ ਮਿਹਨਤ ਕਰ ਕੇ ਉਸ ਦੇ ਸਿਰ ਤੋਂ ਪੈਰਾਂ ਤੱਕ ਮੁੜ੍ਹਕਾ ਵੀ ਵਗ ਰਿਹਾ ਹੈ ? ਉਹ ਸਰਦੀਆਂ ਦੀ ਰੁੱਤ ਵਿਚ ਸਰਦੀ ਤੇ ਗਰਮੀਆਂ ਦੀ ਰੁੱਤੇ ਧੁੱਪ ਦੀਆਂ ਤਕਲੀਫਾਂ ਕਿਉਂ ਭੋਗਦਾ ਰਹਿੰਦਾ ਹੈ ? ਸੱਚ ਮੁੱਚ ਉਹ ਭੋਲਾ ਹੈ ਜਿਸ ਨੂੰ ਇਹ ਵੀ ਪਤਾ ਨਹੀਂ ਕਿ ਉਸ ਦੀਆਂ ਕਰੜੀਆਂ ਸਰੀਰਕ ਘਾਲਾਂ ਦੇ ਬਾਵਜੂਦ ਉਸ ਨੂੰ ਕਿਸੇ ਨੇ ਸ਼ਾਬਾਸ਼ੇ ਵੀ ਨਹੀਂ ਆਖਣੀ।

ਨਿਹੰਗ ਸਿੰਘ ਨੇ ਹੱਸ ਕੇ ਕਿਹਾ ਕਿ ਇਸ ਮਨੁੱਖ ਦੀ ਸ਼ਾਬਾਸ਼ੇ ਦੀ ਇੱਛਾ ਤਾਂ ਕਿਤੇ ਰਹੀ ਉਹ ਇਸ ਕੰਮ ਨੂੰ ਕੋਈ ਅਖੌਤੀ ਪੁੰਨ ਸਮਝ ਕੇ ਵੀ ਨਹੀਂ ਕਰ ਰਿਹਾ। ਉਸ ਨੂੰ ਅਕਾਲ ਪੁਰਖ ਨੇ ਮਨੁੱਖਾ ਦੇਹੀ ਦਿਤੀ ਹੈ ਤੇ ਹੁਣ ਗੁਰੂ ਦੀ ਸਿਖਿਆ ਤੇ ਕਿਰਪਾ ਨਾਲ ਉਹ ਸੰਸਾਰ ਸੇਵਾ ਦੁਆਰਾ ਉਸ ਅਕਾਲ ਪੁਰਖ ਨੂੰ ਯਾਦ ਰੱਖਣ ਵਿਚ ਆਪਣੇ ਮਨ ਨੂੰ ਜੋੜਦਾ ਹੈ। ਜੇਕਰ ਉਹ ਕੋਈ ਕੰਮ ਸੰਸਾਰ ਸੇਵਾ ਦਾ ਨਾ ਕਰੇ ਤਾਂ ਫੇਰ ਉਹ ਮਨੁੱਖ ਨਹੀਂ, ਕੀੜਿਆਂ ਮਕੌੜਿਆਂ ਵਰਗਾ ਹੀ ਹੋਵੇਗਾ। ਬੇ-ਮਨੋਰਥ ਢੰਗ ਨਾਲ ਜੀਵਨ ਜੀਅ ਕੇ ਪ੍ਰਮਾਤਮਾ ਦੀ ਬਖ਼ਸ਼ੀ ਹੋਈ ਇਸ ਦੇਹੀ ਦੀ ਸਫ਼ਲਤਾ ਨਹੀਂ ਹੋਵੇਗੀ। ਸੋ ਆਪਣੀ ਇਸ ਦੇਹੀ ਨੂੰ ਸਫ਼ਲ



Sri Satguru Jagjit Singh Ji eLibrary NamdhariElibrary@gmail.com

ਕਰਨ ਲਈ ਹੀ ਉਹ ਇਹ ਸਰੀਰਕ ਘਾਲਾਂ ਘਾਲ ਰਿਹਾ ਹੈ ਤਾਂ ਜੋ ਉਹ ਜਨਤਾ ਦੇ ਸੁਖ ਦਾ ਇਕ ਸਾਧਨ ਬਣ ਸਕੇ। ਉਸ ਨੂੰ ਆਪਣੀ ਵਡਿਆਈ ਜਾਂ ਪ੍ਰਸਿੱਧੀ ਆਦਿ ਦੀ ਕੋਈ ਇੱਛਾ ਨਹੀਂ।"

–ਸਪਤਾਹਿਕ ਪੱਤਰ (ਖ਼ਾਲਸਾ-ਸਮਾਚਾਰ) ਅੰਮ੍ਰਿਤਸਰ।

ਕਨਿੰਘਮ ਸਾਹਿਬ ਇਕ ਅੰਗਰੇਜ਼ ਇੰਜੀਨੀਅਰ ਸੀ ਜਿਹੜਾ ਲੁਧਿਆਣੇ ਵਿਖੇ ਅੰਗਰੇਜ਼ੀ ਸਰਕਾਰ ਵਲੋਂ ਐਸਿਸਟੈਂਟ ਪੋਲੀਟੀਕਲ ਏਜੰਟ ਨੀਯਤ ਸੀ। ਇਹ ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਜੰਗ ੧੮੪੫-੪੬ ਵਿਚ ਸ਼ਾਮਲ ਹੋਇਆ ਤੇ ਬੱਦੋਵਾਲ, ਮੁਦਕੀ ਤੇ ਸਭਰਾਵਾਂ ਦੀਆਂ ਲੜਾਈਆਂ ਵਿਚ ਮੌਜੂਦ ਸੀ। ੧੮੪੬ ਵਿਚ ਇਸ ਨੂੰ ਪੂਰੇ ਪੋਲੀਟੀਕਲ ਏਜੰਟ ਦੇ ਤੌਰ ਤੇ ਭੂਪਾਲ ਬਦਲ ਦਿੱਤਾ ਗਿਆ ਸੀ। ਉਥੇ ਜਾ ਕੇ ਉਸ ਨੇ ਇਕ ਪੁਸਤਕ "ਸਿੱਖਾਂ ਦਾ ਇਕ ਇਤਿਹਾਸ" ੧੮੪੯ ਵਿਚ ਲਿਖੀ। ਉਸ ਪੁਸਤਕ ਵਿਚ ਉਸ ਨੇ ਲਿਖ ਦਿੱਤਾ ਕਿ ਸਿੱਖ ਬੜੇ ਸੂਰਮੇ ਤੇ ਜੰਗ ਦੇ ਯੋਧੇ ਹਨ ਤੇ ਇਹਨਾਂ ਦੇ ਹਾਰਨ ਦਾ ਕਾਰਨ ਇਹ ਵੀ ਸੀ ਕਿ ਇਹਨਾਂ ਦੇ ਦੋ ਫ਼ੌਜੀ ਜਰਨੈਲ ਅਸਾਂ (ਅੰਗਰੇਜ਼ਾਂ) ਨੇ ਖ਼ਰੀਦ ਲਏ ਸਨ। ਜਦੋਂ ਇਹ ਪੁਸਤਕ ਛਪੀ ਤਾਂ ਅੰਗਰੇਜ਼ ਸਰਕਾਰ ਇਸ ਦੇ ਨਾਲ ਇਸ ਗੱਲ ਤੋਂ ਨਾਰਾਜ਼ ਹੋ ਗਈ ਕਿ ਇਸ ਨੇ ਉਹ ਖ਼ੁਫੀਆ ਸਰਕਾਰੀ ਭੇਦ ਕਿਉਂ ਆਪਣੀ ਪੁਸਤਕ ਵਿਚ ਲਿਖੇ ਜਿਹੜੇ ਇਸ ਦੇ ਪਾਸ ਸਰਕਾਰੀ ਨੌਕਰ ਹੋਣ ਦੀ ਹੈਸੀਅਤ ਵਿਚ ਸਨ। ਕਨਿੰਘਮ ਸਾਹਿਬ ਦੇ ਇਸ ਅਪਰਾਧ ਕਾਰਨ ਅੰਗਰੇਜ਼ੀ ਸਰਕਾਰ ਨੇ ਉਸ ਨੂੰ ਸਰਕਾਰੀ ਰਾਜਸੀ ਮਹਿਕਮੇ ਦੀ ਨੌਕਰੀ ਤੋਂ ਹਟਾ ਕੇ ਇਸ ਦੀ ਨਿਰੀ ਇੰਜੀਨੀਅਰੀ ਦੀ ਨੌਕਰੀ ਹੀ ਰਹਿਣ ਦਿੱਤੀ। ਇਸ ਗੱਲ ਦੇ ਸਦਮੇ ਨਾਲ ਕਨਿੰਘਮ ਸਾਹਿਬ ਦਾ ਦਿਲ ਟੁੱਟ ਗਿਆ ਤੇ ਉਹ ਟੁੱਟੇ ਹੋਏ ਦਿਲ ਨਾਲ ਆਪਣੀ ਜਵਾਨੀ ਵਿਚ ਹੀ ਮਰ ਗਿਆ। ਹੇਠ ਲਿਖਿਆ ਲੇਖ



Sri Satguru Jagjit Singh Ji eLibrary NamdhariElibrary@gmail.com

ਕਨਿੰਘਮ ਸਾਹਿਬ ਦੀ ਲਿਖੀ ਹੋਈ ਪੁਸਤਕ "ਸਿੱਖਾਂ ਦਾ ਇਕ ਇਤਿਹਾਸ" ਵਿਚੋਂ ਲਿਆ ਗਿਆ ਹੈ।

## ਅਕਾਲੀ ਸਿੰਘਾਂ ਦੀ ਸੰਪਰਦਾ

ਇਸ ਗੱਲ ਲਈ ਕਿ ਹਰ ਸਿੱਖ ਨੂੰ ਦਸਾਂ ਨਹੁੰਆਂ ਨਾਲ ਕਿਰਤ ਕਰਨੀ ਤੇ ਕੋਈ ਨਾ ਕੋਈ ਕਿਰਤ ਦਾ ਕਾਰ ਵਿਹਾਰ (ਧੰਦਾ) ਅਖ਼ਤਿਆਰ ਕਰਨਾ ਜ਼ਰੂਰੀ ਹੈ, ਅਕਾਲੀ ਸਿੰਘਾਂ ਦੇ ਹਿਰਦਿਆਂ ਅੰਦਰ ਐਨਾ ਜ਼ਬਰਦਸਤ ਅਹਿਸਾਸ ਸੀ ਕਿ ਹਰ ਅਜਿਹਾ ਸਿੱਖ ਭੀ ਜਿਹੜਾ ਘਰ ਘਾਟ ਦੇ ਬੰਧਨਾਂ ਨੂੰ ਤੋੜ ਕੇ ਵਿਰੱਕਤ (ਬਿਹੰਗਮ) ਹੋ ਜਾਂਦਾ ਸੀ, ਪ੍ਰੰਤੂ ਇਸ ਦੀ ਰੁਚੀ ਜੰਗ ਕਰਨ ਵਿਚ ਘੱਟ ਹੁੰਦੀ ਸੀ ਉਹ ਵੀ ਹੱਥਾਂ ਦੀ ਸੇਵਾ ਤੋਂ ਕਦੇ ਕਿਸੇ ਵੇਲੇ ਵਿਹਲਾ ਨਹੀਂ ਰਹਿੰਦਾ ਸੀ। ਅਜਿਹਾ ਸਿੱਖ ਕੌਮ ਦੇ ਸਾਂਝੇ ਭਲੇ ਵਾਸਤੇ ਕਿਸੇ ਢੰਗ ਨਾਲ ਆਪਣੇ ਆਪ ਨੂੰ ਹੱਥਾਂ ਦੀ ਸੇਵਾ ਦੇ ਕਿਸੇ ਕੰਮ ਕਾਰ ਵਿਚ ਲਾ ਛੱਡਦਾ ਸੀ।

ਕਨਿੰਘਮ ਸਾਹਿਬ ਲਿਖਦੇ ਹਨ ਕਿ ਇਸ ਤਰ੍ਹਾਂ ਨਾਲ ਮੈਂ ਇਕ ਵਾਰੀ ਅਕਾਲੀ ਸਿੰਘ ਦੇ ਦਰਸ਼ਨ ਕੀਤੇ ਜਿਹੜਾ ਇਕ ਸੜਕ ਦੀ ਇਸ ਤਰ੍ਹਾਂ ਰੀਝ ਨਾਲ ਮੁਰੰਮਤ ਕਰ ਰਿਹਾ ਸੀ ਜਿਵੇਂ ਕਿ ਸੜਕ ਨਵੇਂ ਸਿਰਿਓਂ ਬਣਾਈਦੀ ਹੈ। ਇਸ ਸੜਕ ਨੂੰ ਉਹ ਅਕਾਲੀ ਸਿੰਘ ਸਤਲੁਜ ਦਰਿਆ ਦੇ ਮੈਦਾਨ ਤੋਂ ਆਰੰਭ ਕਰ ਕੇ ਕੀਰਤਪੁਰ ਦੇ ਸੁਹਣੇ ਕਸਬੇ ਨੂੰ ਕੱਢੀ ਲਈ ਜਾ ਰਿਹਾ ਸੀ। ਇਹ ਸੜਕ ਉਚੇ ਨੀਵੇਂ ਢਾਲੂ ਪਹਾੜੀ ਨਾਲਿਆਂ ਵਿਚੋਂ ਦੀ ਜਾ ਰਹੀ ਸੀ। ਉਹ ਅਕਾਲੀ ਸਿੰਘ ਵਿਰੱਕਤ ਹੋਣ ਕਰ ਕੇ ਸੰਸਾਰ ਦੇ ਨਰ ਨਾਰੀਆਂ ਨੂੰ ਆਪਣੇ ਆਪ ਨਾਲ ਕਿਸੇ ਪ੍ਰਕਾਰ ਦਾ ਮੇਲ-ਮਿਲਾਪ ਜਾਂ ਸੰਬੰਧ ਰੱਖਣ ਦੀ ਆਗਿਆ ਨਹੀਂ ਸੀ ਦਿੰਦਾ। ਉਸ ਦੇ ਇਲਾਕੇ ਦੇ ਲੋਕੀਂ ਉਸ ਦਾ ਡੂੰਘਾ ਸਤਿਕਾਰ ਕਰਦੇ ਸਨ



Sri Satguru Jagjit Singh Ji eLibrary NamdhariElibrary@gmail.com

ਜਿਹੜੇ ਉਸ ਦੀ ਗੁਜ਼ਰਾਨ ਲਈ ਰੋਟੀ-ਪਾਣੀ ਤੇ ਬਸਤਰ ਉਸ ਦੇ ਕਹੇ ਅਨੁਸਾਰ ਮਿਥੇ ਹੋਏ ਥਾਵਾਂ ਉਤੇ ਹਾਜ਼ਰ ਕਰ ਦਿਤਾ ਕਰਦੇ ਸਨ। ਕਨਿੰਘਮ ਸਾਹਿਬ ਨੇ ਲਿਖਿਆ ਹੈ ਕਿ ਓਹ ਅਕਾਲੀ ਸਿੰਘ ਦੀਆਂ ਕਰੜੀਆਂ ਤੇ ਸਰੀਰ ਨੂੰ ਕਸ਼ਟ ਦੇਣ ਵਾਲੀਆਂ ਸੇਵਾਂ ਦੀਆਂ ਘਾਲਾਂ, ਜਿਨ੍ਹਾਂ ਘਾਲਾਂ ਨੂੰ ਉਹ ਮਨੁੱਖਤਾ ਦੀ ਭਲਾਈ ਲਈ ਆਪਣੀ ਆਤਮਾ ਤੋਂ ਸੱਚੀ ਪੇਰਨਾ ਲੈ ਕੇ ਦਿਨ ਰਾਤ ਘਾਲਦਾ ਰਹਿੰਦਾ ਸੀ, ਓਸ ਦੇ ਦਰਸ਼ਨ ਕਰਨ ਵਾਲੇ ਲੋਕਾਂ ਦੇ ਹਿਰਦਿਆਂ ਉਤੇ ਉਸ ਦੀ ਸ਼ਖਸੀਅਤ ਤੇ ਉਸ ਦੇ ਧਰਮ ਦੀ ਛਾਪ ਉਕਰ ਰਹੀਆਂ ਸਨ। ਇਸ ਗੱਲ ਦਾ ਇਕ ਪ੍ਰਤੱਖ ਸਬੂਤ ਕਨਿੰਘਮ ਸਾਹਿਬ ਨੇ ਆਪਣੀਆਂ ਅੱਖਾਂ ਨਾਲ ਇਹ ਦੇਖਿਆ ਕਿ ਉਸ ਅਕਾਲੀ ਸਿੰਘ ਦੇ ਲਾਗੇ ਹੀ ਇਕ ਹਿੰਦੂ ਮੁੰਡਾ ਜਿਹੜਾ ਆਪਣੀਆਂ ਭੇਡਾਂ ਤੇ ਬਕਰੀਆਂ ਚਾਰ ਰਿਹਾ ਸੀ, ਅਕਾਲੀ ਸਿੰਘ ਦੀ ਸ਼ਖਸੀਅਤ ਤੋਂ ਪ੍ਰੇਰਨਾ ਲੈਂਦਾ ਹੋਇਆ ਉਸ ਦੇ ਧਾਰਮਿਕ ਪ੍ਰਭਾਵ ਨੂੰ ਕਬੂਲ ਕਰ ਰਿਹਾ ਸੀ। ਉਸ ਲੜਕੇ ਨੇ ਅਕਾਲੀ ਸਿੰਘ ਬਾਰੇ ਕਨਿੰਘਮ ਸਾਹਿਬ ਨਾਲ ਗੱਲਾਂ ਕਰਦਿਆਂ ਹੋਇਆਂ ਸਿੰਘ ਜੀ ਲਈ ਆਪਣਾ ਭਾਵ-ਭਰਿਆ ਸਤਿਕਾਰ ਪ੍ਰਗਟ ਕੀਤਾ। ਕਨਿੰਘਮ ਸਾਹਿਬ ਨੂੰ ਉਸ ਲੜਕੇ ਦੇ ਸਰੀਰ ਦੇ ਪਹਿਰਾਵੇ ਵਿਚ ਸਿੱਖ-ਰਹਿਤ ਦੀਆਂ ਕੁਝ ਨਿਸ਼ਾਨੀਆਂ ਦਿੱਸੀਆਂ ਸਨ। ਇਨ੍ਹਾਂ ਨਿਸ਼ਾਨੀਆਂ ਦਾ ਸਾਹਬ ਨੇ ਆਪਣੀ ਲਿਖਤ ਵਿਚ ਚਰਚਾ ਤਾਂ ਨਹੀਂ ਕੀਤਾ ਪਰ ਇਹ ਨਿਸ਼ਾਨੀਆਂ ਕਛਹਿਰਾ, ਕੜਾ ਤੇ ਕਮਰਕੱਸਾ ਹੀ ਹੋ ਸਕਦੀਆਂ ਹਨ।

ਗੁਰੂ ਸਾਹਿਬਾਨ ਐਸੇ ਬੰਦੇ ਨਹੀਂ ਸਨ ਲੱਭਦੇ, ਜਿਨ੍ਹਾਂ ਦਾ ਰਾਜਸੀ ਪ੍ਰਤਾਪ ਹੋਵੇ ਜਾਂ ਜਿਨ੍ਹਾਂ ਪਾਸ ਮਾਇਆ ਬਹੁਤੀ ਹੋਵੇ। ਉਹ ਬੇਗਰਜ਼ ਸੇਵਕ ਲੱਭਦੇ ਸਨ ਜਾਂ ਅਜਿਹੇ ਸੇਵਕ ਆਪ ਤਿਆਰ ਕਰ ਲੈਂਦੇ ਸਨ। ਜਦ (ਗੁਰੂ) ਅਮਰਦਾਸ ਜੀ ਪਹਿਲੀ ਵਾਰ ਗੁਰੂ ਅੰਗਦ



Sri Satguru Jagjit Singh Ji eLibrary NamdhariElibrary@gmail.com

ਦੇਵ ਜੀ ਨੂੰ ਮਿਲੇ ਤਾਂ ਗੁਰੂ ਜੀ ਨੂੰ ਦਿਸ ਪਿਆ ਕਿ ਕੁਦਰਤ ਨੇ ਇਕ ਸੱਚੇ ਸੇਵਕ ਨੂੰ ਉਨ੍ਹਾਂ ਪਾਸ ਭੇਜ ਦਿੱਤਾ ਹੈ, ਜਿਨ੍ਹਾਂ ਦੇ ਸਪੁਰਦ 'ਸਿੱਖੀ ਲਹਿਰ' ਜਾਂ 'ਗੁਰਸਿੱਖ ਲਹਿਰ' ਕੀਤੀ ਜਾ ਸਕੇਗੀ। ਪਰ ਪਹਿਲਾਂ ਉਹ ਉਹਨਾਂ ਨੂੰ ਚੰਗੀ ਤਰ੍ਹਾਂ ਪਕਾਉਣਾ ਚਾਹੁੰਦੇ ਸਨ। ਉਹਨਾਂ ਨੂੰ ਪੂਰੇ ਗੁਰਮੁਖ ਬਣਾਉਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੂੰ ਪਹਿਲੀ ਸਿਖਿਆ ਇਹ ਦਿਤੀ ਗਈ ਕਿ ਉਹ ਨਿਤਾਪ੍ਰਤੀ ਜਪੁ ਜੀ ਸਾਹਿਬ ਪੜ੍ਹ ਕੇ ਗੁਰਮਤਿ ਵਿਚਾਰਧਾਰਾ ਨੂੰ ਸਮਝਣਗੇ ਤੇ ਉਸ ਅਨੁਸਾਰ ਆਪਣਾ ਜੀਵਨ ਬਣਾਉਣਗੇ ਅਤੇ ਲੰਗਰ ਦੇ ਭਾਂਡੇ ਮਾਂਜ ਕੇ ਅਮਲੀ ਤੌਰ ਤੇ ਭਾਰੇ ਗਉਰੇ ਬਣਨਗੇ। ਭਾਂਡੇ ਮਾਂਜਣ ਵਾਲਿਆਂ ਦੀ ਉਹਨਾਂ ਪਾਸ ਕੋਈ ਥੁੜ ਨਹੀਂ ਸੀ ਪਰ ਉਹ ਇਹ ਚਾਹੁੰਦੇ ਸਨ ਕਿ ਜਿਸ ਪੁਰਸ਼ ਨੇ ਸਿਖੀ ਲਹਿਰ ਨੂੰ ਅਗ੍ਹਾਂ ਤੋਰਨ ਦਾ ਮੋਢੀ ਬਣਨਾ ਹੈ ਉਹ ਪਹਿਲਾਂ ਆਪ ਹਰ ਤਰ੍ਹਾਂ ਸੰਪੂਰਨ ਹੋਵੇ। ਉਹ ਭਾਂਡੇ ਮਾਂਜ ਕੇ ਅਤਿ ਨਿਮਰਤਾਤੇ ਗ਼ਰੀਬੀ ਦੇ ਘਰ ਵਿਚ ਆਵੇ ਅਤੇ ਆਪਣੇ ਅੰਦਰ ਦੀ ਸਾਰੀ ਮੈਲ ਧੋ ਦੇਵੇ ਤੇ ਇਸ ਤਰ੍ਹਾਂ ਸਾਰੇ ਸੰਸਾਰ ਦੀ ਮੈਲ ਧੋਣ ਦੀ ਸਮਰਥਾ ਪ੍ਰਾਪਤ ਕਰੇ।

ਆਹਰ ਸਭਿ ਕਰਦਾ ਫਿਰੈ ਆਹਰੁ ਇਕ ਨ ਹੋਇ ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ)

ਅਰਥਾਤ–"ਇਹ ਜੀਵ ਹੋਰ ਤਾਂ ਸਾਰੇ ਆਹਰਾਂ ਵਿਚ ਲੱਗਾ ਰਹਿੰਦਾ ਹੈ ਪਰ ਇਸ ਤੋਂ ਇਕ ਸੱਚਾ ਆਹਰ (ਰੱਬ ਦੇ ਰਾਹ ਦਾ ਆਹਰ ਰੱਬ ਦੇ ਕੰਮੀਂ ਲੱਗਣਾ, ਸੱਚੇ ਸੌਦੇ ਕਰਨਾ) ਨਹੀਂ ਹੁੰਦਾ। ਹੇ ਨਾਨਕ, ਰੱਬ ਦੇ ਰਾਹ ਦਾ ਆਹਰ ਐਸਾ ਹੈ ਕਿ ਇਸ ਨਾਲ ਸਾਰਾ ਜਗਤ ਤਰ ਨਿਕਲਦਾ ਹੈ ਪਰ ਅਫ਼ਸੋਸ ਕਿ ਇਸ ਗੱਲ ਨੂੰ ਕੋਈ ਵਿਰਲਾ ਹੀ ਸਮਝਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਸੋ ਦਰੁ

ਕਬੀਰ ਜਹਿ ਦਰਿ ਆਵਤ ਜਾਤਿਅਹੁ
ਹਟਕੈ ਨਾਹੀ ਕੋਇ ॥
ਸੋ ਦਰੁ ਕੈਸੇ ਛੋਡੀਐ
ਜੋ ਦਰੁ ਐਸਾ ਹੋਇ ॥

(ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ)

ਉਪਰ ਲਿਖੇ ਸਲੋਕ ਤੋਂ ਕਬੀਰ ਜੀ ਦਾ ਭਾਵ ਇਹ ਹੁੰਦਾ ਸੀ ਕਿ ਸਭ ਧਰਮ ਅਸਥਾਨ ਅਤੇ ਸਭ ਆਸ਼ਰਮ ਜੋ ਰੱਬ ਦੇ ਨਾਮ ਤੇ ਚਾਲੂ ਕੀਤੇ ਜਾਂਦੇ ਹਨ–ਗ਼ਰੀਬਾਂ ਅਨਾਥਾਂ ਲਈ ਵਿਸ਼ੇਸ਼ ਤੌਰ ਤੇ ਹੁੰਦੇ ਹਨ।

ਰੱਬ ਨੇ ਸਰੀਰ ਦਾ ਰੂਪ ਧਾਰ ਕੇ ਗ਼ਰੀਬਾਂ, ਅਨਾਥਾਂ ਦੀ ਸੇਵਾ ਸੰਭਾਲ ਨਹੀਂ ਕਰਨੀ ਹੁੰਦੀ, ਉਸ ਨੇ ਪ੍ਰਾਣੀ-ਮਾਤਰ ਦੀ ਹਰ ਪ੍ਰਕਾਰ ਦੀ ਸੇਵਾ ਆਪਣੇ ਸੇਵਕਾਂ ਤੇ ਆਪਣੀਆਂ ਸੰਸਥਾਵਾਂ ਤੋਂ ਹੀ ਕਰਾਣੀ ਹੁੰਦੀ ਹੈ। ਇਹਨਾਂ ਅਰਥਾਂ ਵਿਚ ਹੀ ਉਹ ਮਾਤ, ਪਿਤਾ, ਬੰਧਪ, ਭਰਾਤਾ ਤੇ ਸਭ ਦਾ ਰਾਖਾ ਹੋ ਜਾਂਦਾ ਹੈ।

ਆਸ਼ਰਮ ਰੱਬ ਦੇ ਘਰ ਹਨ ਜਿਥੇ ਜਿਹੜਾ ਕੋਈ ਆਵੇ, ਉਸ ਦੀ ਭਾਵੇਂ ਕੋਈ ਵੀ ਬੇਬਸੀ ਹੋਵੇ, ਉਹ ਭਾਰੇ ਰੋਗ ਦੇ ਕਾਰਨ ਆਪਣੀ ਸਰੀਰਕ ਕਿਰਿਆ ਸੋਧਣ ਤੋਂ ਰਹਿ ਗਿਆ ਹੋਵੇ, ਭਾਵੇਂ ਬੁਢਾਪੇ ਦੇ ਕਾਰਣ ਉਸ ਨੂੰ ਆਪਣੀ ਹਰ ਬੇਬਸੀ ਵਿਚ ਉਹਨਾਂ ਤੋਂ ਸਹਾਇਤਾ ਮਿਲਣੀ ਚਾਹੀਦੀ ਹੈ ਤਾਂ ਹੀ ਮਹਾਰਾਜ ਫੁਰਮਾਉਂਦੇ ਹਨ :–

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ॥
ਤਾ ਭਉ ਕੇਹਾ ਕਾੜਾ ਜੀਉ ॥੧॥



Sri Satguru Jagjit Singh Ji eLibrary NamdhariElibrary@gmail.com

ਉਸ ਹਰੀ ਨੂੰ ਮਾਤਾ, ਪਿਤਾ, ਬੰਧਪ, ਭ੍ਰਾਤਾ ਤੇ ਰਾਖਾ ਕਹਿਣ ਤੋਂ ਹੋਰ ਕੀ ਮੁਰਾਦ ਹੋ ਸਕਦੀ ਹੈ ?

ਘਾਲਿ ਖਾਇ ਕਿਛੁ ਹਥਹੁ ਦੇਇ
ਨਾਨਕ ਰਾਹੁ ਪਛਾਣਹਿ ਸੇਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ)

ਦਸਵੰਧ ਗੁਰੂ ਨਾ ਦੇਵਈ ਕੂੜ ਬੋਲ ਜੋ ਖਾਏ ॥
ਕਹੇ ਗੋਬਿੰਦ ਸਿੰਘ ਲਾਲ ਜੀ
ਤਿਸ ਕਾ ਕਛੂ ਨ ਵਸਾਹਿ ॥

–ਭਾਈ ਨੰਦ ਲਾਲ ਜੀ

## ਧਰਮ ਦੀ ਉਪਜਾਊ ਰਚਨਾਤਮਿਕ ਸ਼ਕਤੀ

ਸਭ ਤੋਂ ਉਤਮ ਦਾਨ, ਸਭ ਤੋਂ ਵਡੇ ਵਿਦਿਆ-ਫਲ, ਸਭ ਤੋਂ ਅਮੀਰ ਕਾਢਾਂ, ਸਭ ਤੋਂ ਚੰਗੀਆਂ ਕਾਨੂੰਨ ਅਤੇ ਇਨਸਾਫ ਦੀਆਂ ਸੰਸਥਾਵਾਂ ਅਰਥਾਤ ਸਾਰੀਆਂ ਵੱਡੀਆਂ ਤੋਂ ਵੱਡੀਆਂ ਚੀਜ਼ਾਂ ਜੋ ਦੁਨੀਆਂ ਵਿਚ ਪਰਵਾਨ ਚੜ੍ਹੀਆਂ ਹਨ ਕਿਸੇ ਹੱਦ ਤਕ ਧਰਮ ਦੀ ਉਪਜਾਊ ਤੇ ਰਚਨਾਤਮਿਕ ਸ਼ਕਤੀ ਦਾ ਹੀ ਨਤੀਜਾ ਹੁੰਦੀਆਂ ਹਨ। –ਹੋਰੇਸ ਬੁਸ਼ਨੇਲ

## ਪੰਥ

ਅੰਗਰੇਜ਼ ਅਫਸਰ ਕਨਿੰਘਮ "ਹਿਸਟਰੀ ਆਫ਼ ਦੀ ਸਿਖਸ" (ਸਿੱਖਾਂ ਦਾ ਇਤਿਹਾਸ) ਪੁਸਤਕ ਵਿਚ ਲਿਖਦਾ ਹੈ ਕਿ ਉਹ ਅੰਗਰੇਜ਼ੀ ਫ਼ੌਜ ਵਿਚ ਕੈਪਟਨ ਸੀ ਤੇ ਉਹ ਸਭਰਾਵਾਂ, ਮੁਦਕੀ, ਫੇਰੂ ਸ਼ਹਿਰਾਂ ਦੀ ਲੜਾਈ ਵਿਚ ਆਪਣੀ ਕੰਪਨੀ ਸਮੇਤ ਸਿੱਖਾਂ ਨਾਲ ਲੜਿਆ। ਤਿਸ ਨੇ ਇਕ ਜ਼ਖਮੀ ਸਿੱਖ ਸਿਪਾਹੀ ਦੇਖਿਆ ਜੋ ਜੰਗ ਦੇ ਮੈਦਾਨ ਵਿਚ ਘਾਇਲ ਹੋਇਆ ਪਿਆ ਸੀ। ਉਸ ਦੀ ਇਕ ਬਾਂਹ ਕੱਟੀ ਗਈ ਸੀ ਤੇ ਲੱਤ ਬੁਰੀ ਤਰ੍ਹਾਂ ਟੁੱਟੀ ਹੋਈ ਸੀ। ਉਸ ਦੇ ਸਰੀਰ ਤੇ ਕਾਫ਼ੀ ਕਾਰੀ ਫੱਟ ਲਗੇ ਹੋਏ ਸਨ ਤੇ



Sri Satguru Jagjit Singh Ji eLibrary NamdhariElibrary@gmail.com

ਜਦੋਂ ਇਹ ਪੁਸਤਕ ਛਪੀ ਤਾਂ ਅੰਗਰੇਜ਼ੀ ਸਰਕਾਰ ਇਸ ਦੇ ਨਾਲ ਇਸ ਗੱਲ ਤੋਂ ਨਾਰਾਜ਼ ਹੋ ਗਈ ਕਿ ਇਸ ਨੇ ਉਦੋਂ ਖੁਫੀਆ ਸਰਕਾਰੀ ਭੇਦ ਕਿਉਂ ਆਪਣੀ ਪੁਸਤਕ ਵਿਚ ਲਿਖੇ ਜਿਹੜੇ ਇਸ ਦੇ ਪਾਸ ਇਕ ਸਰਕਾਰੀ ਨੌਕਰ ਹੋਣ ਦੀ ਹੈਸੀਅਤ ਵਿਚ ਸਨ। ਕਨਿੰਘਮ ਸਾਹਿਬ ਦੇ ਇਸ ਅਪਰਾਧ ਬਦਲੇ ਅੰਗਰੇਜ਼ੀ ਸਰਕਾਰ ਨੇ ਉਸ ਨੂੰ ਸਰਕਾਰੀ ਰਾਜਸੀ ਮਹਿਕਮੇ ਦੀ ਨੌਕਰੀ ਤੋਂ ਹਟਾ ਕੇ ਇਸ ਦੀ ਇੰਜੀਨੀਅਰੀ ਦੀ ਨੌਕਰੀ ਹੀ ਰਹਿਣ ਦਿੱਤੀ। ਇਸ ਗੱਲ ਦੇ ਸਦਮੇ ਨਾਲ ਕਨਿੰਘਮ ਸਾਹਿਬ ਦਾ ਦਿਲ ਟੁੱਟ ਗਿਆ ਉਹ ਟੁੱਟੇ ਹੋਏ ਦਿਲ ਨਾਲ ਆਪਣੀ ਜਵਾਨੀ ਵਿਚ ਹੀ ਮਰ ਗਿਆ। —ਭਗਤ ਪੂਰਨ ਸਿੰਘ

## ਧਰਮ ਗ੍ਰੰਥਾਂ ਦੀ ਸ਼ਰਨ ਵਿਚ ਆ ਜਾਓ

ਧਰਮ ਗਰੰਥਾਂ ਨੂੰ ਜੇਕਰ ਤੁਸੀਂ ਆਪ ਪੜ੍ਹ ਸਕਦੇ ਹੋ ਤਾਂ ਆਪ ਪੜ੍ਹੋ ਤੇ ਜੇ ਨਹੀਂ ਪੜ੍ਹ ਸਕਦੇ ਤਾਂ ਕਿਸੇ ਪਾਸੋਂ ਸੁਣੋ। ਮਸ਼ੀਨੀ ਯੁੱਗ ਦੀ ਉਮਰ ਤਾਂ ਹੁਣ ਤਕ ਦੋ ਕੁ ਸੌ ਸਾਲ ਹੀ ਹੋਈ ਹੈ ਪਰ ਇਸ ਸਮੇਂ ਵਿਚ ਮਸ਼ੀਨਾਂ ਦਾ ਪਸਾਰ ਕੁਦਰਤ ਦੇ ਪ੍ਰਬੰਧ ਨੂੰ ਵਿਗਾੜਨ ਵਾਲੇ ਪਾਸੇ ਹੀ ਤੁਰਿਆ ਜਾਂਦਾ ਰਿਹਾ ਹੈ। ਮਨੁੱਖ ਦੇ ਜੀਵਨ ਦਾ ਆਧਾਰ ਸਭ ਤੋਂ ਵੱਧ ਧਰਤੀ, ਪਾਣੀ ਤੇ ਹਵਾ ਤਿੰਨ ਵਸਤੂਆਂ ਤੇ ਹੈ ਪਰ ਮਸ਼ੀਨੀ ਸਭਿਅਤਾ ਇਨ੍ਹਾਂ ਤਿੰਨਾਂ ਦੀ ਤਬਾਹੀ ਕਰਦੀ ਆ ਰਹੀ ਹੈ ਤੇ ਇਹ ਬਰਬਾਦੀ ਚਿੰਤਾਜਨਕ ਹੱਦ ਤਕ ਹੋ ਚੁੱਕੀ ਹੈ। ਇਨ੍ਹਾਂ ਤਿੰਨਾਂ ਵਸਤਾਂ ਦੀ ਬਰਬਾਦੀ ਦੀ ਰਫ਼ਤਾਰ ਦਿਨ-ਪ੍ਰਤੀ-ਦਿਨ ਵਧਦੀ ਜਾ ਰਹੀ ਹੈ। ਇਸ ਬਰਬਾਦੀ ਨੂੰ ਛੇਤੀ ਤੋਂ ਛੇਤੀ ਰੋਕ ਪਾਉਣੀ ਚਾਹੀਦੀ ਹੈ ਜੇਕਰ ਛੇਤੀ ਤੋਂ ਛੇਤੀ ਅਜਿਹਾ ਨਾ ਕੀਤਾ ਗਿਆ ਤਾਂ ਪ੍ਰਾਣੀ-ਮਾਤਰ ਦੀ ਹੋਂਦ ਲਈ ਖ਼ਤਰੇ ਇਤਨੇ ਵਧ ਜਾਣਗੇ ਕਿ ਇਸ ਦਾ ਜਿਊਣਾ ਹੀ ਅਸੰਭਵ ਹੋ ਜਾਵੇਗਾ।


Sri Satguru Jagjit Singh Ji eLibrary NamdhariElibrary@gmail.com

ਅੱਖਾਂ ਮੀਟ ਕੇ ਜੀਉਣ ਦਾ ਸਮਾਂ ਸੰਸਾਰ ਵਿਚ ਨਾ ਕਦੇ ਅੱਗੇ ਰਿਹਾ ਹੈ ਤੇ ਨਾ ਹੀ ਅੱਗੇ ਨੂੰ ਅਜਿਹਾ ਸਮਾਂ ਆਵੇਗਾ। ਸ਼ੁਕਰ ਕਰੋ ਕਿ ਦੁਨੀਆਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ, ਗੀਤਾ, ਉਪਨਿਸ਼ਦ, ਬਾਈਬਲ ਤੇ ਕੁਰਾਨ ਸ਼ਰੀਫ ਵਰਗੇ ਧਾਰਮਿਕ ਗਰੰਥ ਹੋਂਦ ਵਿਚ ਆ ਚੁੱਕੇ ਹਨ, ਨਹੀਂ ਤਾਂ ਦੁਨੀਆਂ ਦੇ ਬਚਾਓ ਦਾ ਰਸਤਾ ਹੋਰ ਕਿਸੇ ਥਾਂ ਤੋਂ ਲੱਭਣਾ ਅਸੰਭਵ ਸੀ। ਆਪਣੇ ਲਈ ਇਨ੍ਹਾਂ ਗਰੰਥਾਂ ਦਾ ਗਿਆਨ ਵੀ ਹੁਣ ਤੁਹਾਨੂੰ ਆਪਣੇ ਪੱਲੇ ਬੰਨ੍ਹਣਾ ਪਵੇਗਾ। ਉਹਨਾਂ ਸੰਤਾਂ, ਭਗਤਾਂ, ਮਹਾਂਪੁਰਸ਼ਾਂ ਦਾ ਇਤਿਹਾਸ ਵੀ ਪੜ੍ਹਨਾ, ਸੁਣਨਾ ਤੇ ਮਨਾਂ ਵਿਚ ਵਸਾਉਣਾ ਪਵੇਗਾ, ਜਿਨ੍ਹਾਂ ਨੇ ਇਸ ਰਾਹ ਤੇ ਤੁਰ ਕੇ ਦੁਨੀਆਂ ਨੂੰ ਬਚਾਉਣ ਦਾ ਯਤਨ ਕੀਤਾ। ਜਿਸ ਬੀਬੀ ਨੇ ਕਿਸੇ ਬੱਚੇ ਨੂੰ ਜਨਮ ਦੇਣਾ ਹੈ, ਜਿਸ ਬੀਬੀ ਦੇ ਪੇਟ ਵਿਚ ਬੱਚਾ ਹੈ, ਜਿਹੜੀ ਇਸਤਰੀ ਆਪਣੇ ਬੱਚੇ ਨੂੰ ਦੁਧ ਚੁੰਘਾ ਰਹੀ ਹੈ ਜਿਹੜੀ ਇਸਤਰੀ ਕਿਸੇ ਛੋਟੀ ਉਮਰ ਦੇ ਬਾਲਕ ਨੂੰ ਪਾਲ ਰਹੀ ਹੈ ਉਹ ਸੋਚ ਲਵੇ ਕਿ ਮਨੁੱਖਾਂ ਨੇ ਹੀ ਦੁਨੀਆਂ ਦੇ ਵਿਗੜ ਰਹੇ ਹਾਲਾਤ ਦੀ ਪੜਚੋਲ ਕਰਨੀ ਹੁੰਦੀ ਹੈ, ਉਹਨਾਂ ਹਾਲਾਤ ਨੂੰ ਠੀਕ ਕਰਨ ਦਾ ਰਾਹ ਲੱਭਣਾ ਹੁੰਦਾ ਹੈ ਤੇ ਮਨੁੱਖਾਂ ਨੇ ਹੀ ਉਸ ਰਾਹ ਦੇ ਗਿਆਨ ਨੂੰ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚਾਉਣਾ ਹੁੰਦਾ ਹੈ। ਹੁਣ ਧਰਤੀ ਪਾਣੀ ਤੇ ਹਵਾ ਦੀ ਬਰਬਾਦੀ ਦੇ ਚਿੰਤਾ-ਜਨਕ ਹਾਲਾਤ ਦੁੱਧ ਚੁੰਘ ਰਹੇ ਹਰ ਬੱਚੇ ਦੀ ਮਾਂ ਪਾਸੋਂ ਇਹ ਮੰਗ ਕਰਦੇ ਹਨ ਕਿ ਬੱਚੇ ਪਾਲਦੀ ਉਹ ਆਪਣੇ ਹਰ ਸਵਾਸ ਵਿਚ ਆਪਣੇ ਬੱਚੇ ਦੇ ਹਿਰਦੇ ਵਿਚ ਅਜਿਹੇ ਸੰਸਕਾਰ ਪਾਉਂਦੀ ਰਹੇ ਕਿ ਉਹ ਬੱਚਾ ਹੋਸ਼ ਸੰਭਾਲਦਾ ਹੀ ਦੇਸ਼ ਤੇ ਸੰਸਾਰ ਦੇ ਚਿੰਤਾ-ਜਨਕ ਹਾਲਾਤ ਨੂੰ ਦੇਖ ਕੇ ਉਸ ਤਰ੍ਹਾਂ ਉਨਾਂ ਚਿੰਤਾਤੁਰ ਤੇ ਬਿਹਬਲ ਹੋ ਜਾਵੇ ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇਸ਼ ਦੇ ਹਾਲਾਤ ਨੂੰ ਦੇਖ ਕੇ ਹੋਏ ਸਨ ਤੇ



Sri Satguru Jagjit Singh Ji eLibrary NamdhariElibrary@gmail.com

ਉਸੇ ਤਰ੍ਹਾਂ ਉਹਨਾਂ ਹਾਲਾਤ ਨੂੰ ਸੁਧਾਰਨ ਲਈ ਜੀਵਨ ਅਰਪਨ ਕਰੇ ਜਿਸ ਤਰ੍ਹਾਂ ਇਹਨਾਂ ਦੋਹਾਂ ਮਹਾਂਪੁਰਸ਼ਾਂ ਨੇ ਜੀਵਨ ਅਰਪਨ ਕੀਤੇ ਅੰਤੇ ਦੇਸ਼ ਦੇ ਦਿਨ-ਪ੍ਰਤੀ-ਦਿਨ ਦੇ ਅਧਿਆਤਮਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਹਾਲਾਤ ਦੀ ਜੋ ਚਿੰਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਲੱਗੀ ਰਹੀ ਸੀ ਉਸ ਨੇ ਉਹਨਾਂ ਨੂੰ ਦੇਸ਼ ਭਰ ਦੀ ਪੈਦਲ ਯਾਤਰਾ ਕਰਨ ਲਈ ਪਰੇਰਿਆ ਸੀ ਤਾਂ ਜੋ ਉਹ ਦੇਸ਼ ਵਾਸੀਆਂ ਨੂੰ ਜਾਗਰਤ ਕਰ ਦੇਣ ਤੇ ਉਹਨਾਂ ਨੂੰ ਆਪਣੇ ਪੈਰਾਂ ਤੇ ਖੜਾ ਕਰਨ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ੨੬ ਸਾਲਾਂ ਦਾ ਸਮਾਂ ਬਾਬੇ ਬਕਾਲੇ ਦੇ ਭੋਰੇ ਵਿਚ ਰਹੇ ਤੇ ਆਪਣੇ ਆਪ ਨੂੰ ਜਿਥੇ ਰੱਬ ਨਾਲ ਜੋੜਣ ਦਾ ਅਭਿਆਸ ਕੀਤਾ, ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ ਓਥੇ ਦੇਸ਼ ਦੀ ਹਾਲਤ ਦਾ ਅਧਿਐਨ ਵੀ ਕੀਤਾ। ਇਸ ਸਮੇਂ ਵਿਚ ਉਨ੍ਹਾਂ ਨੇ ਸਮਾਜ ਤੇ ਦੇਸ਼ ਦੇ ਸੁਧਾਰ ਲਈ ਕੀ ਸੋਚਿਆ ਸੀ ਇਸ ਦਾ ਪਤਾ ਸਾਡੇ ਛਪੇ ਹੋਏ ਉਸ ਇਸ਼ਤਿਹਾਰ ਤੋਂ ਲਗ ਸਕਦਾ ਹੈ ਜਿਸ ਦਾ ਸਿਰਲੇਖ ਹੇਠ ਲਿਖਿਆ ਹੈ 'ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਸੇਧਾਂ।'

### ਸਿੱਖ ਗੁਰੂ ਸਾਹਿਬਾਨ ਦੀਆਂ ਨਜ਼ਰਾਂ ਵਿਚ

## ਗੁਰੂ ਕੇ ਲੰਗਰ ਦੇ ਭਾਂਡੇ

### ਮਾਂਜਣ ਦੀ ਮਹੱਤਤਾ

ਗੁਰੂ ਸਾਹਿਬ ਐਸੇ ਬੰਦੇ ਨਹੀਂ ਲੱਭਦੇ ਸਨ ਜਿਨ੍ਹਾਂ ਦਾ ਰਾਜਸੀ ਪ੍ਰਤਾਪ ਹੋਵੇ ਜਾਂ ਜਿਨ੍ਹਾਂ ਪਾਸ ਮਾਇਆ ਬਹੁਤੀ ਹੋਵੇ। ਉਹ ਬੇਗਰਜ਼ ਸੇਵਕ ਲੱਭਦੇ ਸਨ ਜਾਂ ਐਸੇ ਸੇਵਕ ਆਪ ਤਿਆਰ ਕਰ ਲੈਂਦੇ ਸਨ। ਜਦ (ਗੁਰੂ) ਅਮਰਦਾਸ ਜੀ ਪਹਿਲੀ ਵਾਰ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤਾਂ ਗੁਰੂ ਜੀ ਨੂੰ ਦਿਸ ਪਿਆ ਕਿ ਕੁਦਰਤ ਨੇ ਇਕ ਸੱਚੇ ਸੇਵਕ ਨੂੰ ਉਹਨਾਂ ਪਾਸ ਭੇਜ ਦਿੱਤਾ ਹੈ, ਜਿਨ੍ਹਾਂ ਦੇ



Sri Satguru Jagjit Singh Ji eLibrary NamdhariElibrary@gmail.com

ਸਪੁਰਦ 'ਸਿੱਖੀ-ਲਹਿਰ' ਜਾਂ ਗੁਰਸਿੱਖ ਲਹਿਰ ਕੀਤੀ ਜਾ ਸਕੇਗੀ। ਪਰ ਪਹਿਲਾਂ ਉਹ ਉਹਨਾਂ ਨੂੰ ਚੰਗੀ ਤਰ੍ਹਾਂ ਪਕਾਉਣਾ ਚਾਹੁੰਦੇ ਸਨ, ਉਹਨਾਂ ਨੂੰ ਪੂਰੇ ਗੁਰਮੁਖ ਬਣਾਉਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੂੰ ਪਹਿਲਾਂ ਸਿਖਿਆ ਇਹ ਦਿਤੀ ਗਈ ਕਿ ਉਹ ਨਿਤਾ-ਪ੍ਰਤੀ ਜਪੁ ਜੀ ਸਾਹਿਬ ਪੜ੍ਹ ਕੇ ਗੁਰਮਤਿ ਵਿਚਾਰਧਾਰਾ ਨੂੰ ਸਮਝ ਕੇ ਤੇ ਲੰਗਰ ਦੇ ਭਾਂਡੇ ਮਾਂਜ ਕੇ ਅਮਲੀ ਤੌਰ ਤੇ ਭਾਰੇ ਗਉਰੇ ਬਣਨਗੇ। ਭਾਂਡੇ ਮਾਂਜਣੇ ਵਾਲਿਆਂ ਦੀ ਉਹਨਾਂ ਪਾਸ ਅੱਗੇ ਕੋਈ ਥੁੜ ਨਹੀਂ ਸੀ ਪਰ ਉਹ ਇਹ ਚਾਹੁੰਦੇ ਸਨ ਕਿ ਜਿਸ ਪੁਰਸ਼ ਨੇ 'ਸਿੱਖੀ ਲਹਿਰ' ਨੂੰ ਅਗਾਂਹ ਤੋਰਨ ਦਾ ਮੋਢੀ ਬਣਨਾ ਹੈ ਓਹ ਪਹਿਲਾਂ ਆਪ ਹਰ ਤਰ੍ਹਾਂ ਸੰਪੂਰਨ ਹੋਵੇ। ਓਹ ਭਾਂਡੇ ਮਾਂਜ ਕੇ ਅਤਿ ਨਿਮਰਤਾ ਗਰੀਬੀ ਦੇ ਘਰ ਵਿਚ ਆਵੇ ਅਤੇ ਆਪਣੇ ਅੰਦਰ ਦੀ ਸਾਰੀ ਮੈਲ ਧੋ ਦੇਵੇ ਤੇ ਇਸ ਤਰ੍ਹਾਂ ਸਾਰੇ ਸੰਸਾਰ ਦੀ ਮੈਲ ਧੋਣ ਦੀ ਸਮਰੱਥਾ ਪ੍ਰਾਪਤ ਕਰੇ। —ਨਰੈਣ ਸਿੰਘ

ਭਾਈ ਗੁਰਦਾਸ ਜੀ ਦੇ ਪਿਛੇ ਦਿਤੇ ਵਾਕ "ਗੁਰਸਿੱਖ ਭਲਕੇ ਉਠ ਕਰ ਅੰਮ੍ਰਿਤ ਵੇਲੇ ਸਰ ਨ੍ਹਾਵੰਦਾ' ਵਿਚ ਮਨੁੱਖਾ ਜ਼ੀਵਨ ਦੇ ਪੂਰਨ ਵਿਕਾਸ ਤੇ ਪ੍ਰਫੁਲਤਾ ਦਾ ਭੇਦ ਛਿਪਿਆ ਪਿਆ ਹੈ। —ਭਗਤ ਪੂਰਨ ਸਿੰਘ

## ਗੁਰੂ ਕੇ ਲੰਗਰ ਦੀ ਮਹਾਨਤਾ

ਸਿੱਖ ਗੁਰੂ ਸਾਹਿਬਾਨ ਨੇ "ਏਕ ਪਿਤਾ ਏਕਸ ਕੇ ਹਮ ਬਾਰਿਕ" ਉਹਨਾਂ ਵੱਲੋਂ ਦੱਸੇ ਗਏ ਮਾਨਵ ਜਾਤੀ ਦੀ ਏਕਤਾ ਦੇ ਸਿੱਧਾਂਤ ਨੂੰ ਅਮਲੀ ਰੂਪ ਦੇਣ ਲਈ ਸੰਗਤ ਪੰਗਤ ਦੀ ਏਕਤਾ ਨੂੰ ਬੇਹੱਦ ਜ਼ਰੂਰੀ ਸਮਝਿਆ ਸੀ ਤਾਂ ਜੋ ਏਕਾਂਤ ਦੀ ਤਾਲੀਮ ਜੀਵਨ ਵਿਚ ਪੱਕੀ ਹੋ ਕੇ ਸਾਰੇ ਜੀਵਨ ਨੂੰ ਇਸੇ ਹੀ ਰੰਗ ਵਿਚ ਰੰਗ ਦੇਵੇ। ਇਹ ਇਸ ਹੱਦ ਤਕ ਲਿਜਾਈ ਗਈ ਸੀ ਕਿ ਗੁਰੂ ਅਮਰਦਾਸ ਜੀ ਦਾ ਇਹ ਨੇਮ ਬਣ ਗਿਆ ਸੀ ਕਿ ਕੋਈ ਵੀ ਪੁਰਸ ਉਹਨਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਮਿਲਣ ਆਵੇ, ਉਹ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਿ ਛਕੇ। ਅਕਬਰ ਬਾਦਸ਼ਾਹ ਨੂੰ ਵੀ ਇਕ ਸਮੇਂ ਇਸੇ ਨਿਯਮ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਗਈ, ਜੋ ਉਹਨਾਂ ਪ੍ਰਵਾਨ ਚਾੜ੍ਹੀ ਸੀ। ਲੰਗਰ ਵਿਚ ਜੇ ਸਭ ਪ੍ਰਾਣੀ-ਮਾਤਰ ਰਲ ਕੇ ਪ੍ਰਸ਼ਾਦਿ ਛਕਣ ਤਾਂ ਭਾਈਚਾਰਕ ਅਤੇ ਆਰਥਿਕ ਏਕਤਾ ਦਾ ਇਸ ਤੋਂ ਵੱਧ ਅਤੇ ਚੰਗਾ ਪ੍ਰਗਟਾਵਾ ਹੋਰ ਕੀ ਹੋ ਸਕਦਾ ਹੈ? ਇਹੋ ਕਾਰਨ ਸੀ ਕਿ ਗੁਰੂ ਸਾਹਿਬਾਨ ਦੀ ਮੌਜੂਦਗੀ ਵਿਚ ਹੀ ਅਜਿਹੇ ਪੂਰਨੇ ਪੈ ਗਏ ਸਨ ਜਿਨ੍ਹਾਂ ਨਾਲ ਏਕਤਾ, ਪ੍ਰੇਮ ਤੇ ਸੇਵਾ ਦੀ ਇਕ ਲਹਿਰ ਹੀ ਚਲ ਗਈ ਸੀ। ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਮਹੱਤਤਾ ਨੂੰ ਵਧਾਉਣ ਲਈ ਹੀ ਇਸ ਦਾ ਪ੍ਰਬੰਧ ਆਪਣੇ ਮਹਿਲ ਮਾਤਾ ਖੀਵੀ ਜੀ ਦੇ ਸਪੁਰਦ ਕਰ ਦਿੱਤਾ ਸੀ। ਇਸ ਗੱਲ ਦੀ ਗਵਾਹੀ ਬਲਵੰਡ ਜੀ ਨੇ ਆਪਣੀ 'ਵਾਰ' ਵਿਚ ਇਉਂ ਦਿਤੀ ਹੈ:-

"ਬਲਵੰਡ ਖੀਵੀ ਨੇਕ ਜਨ,
ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ,
ਰਸੁ ਅੰਮ੍ਰਿਤ ਖੀਰਿ ਘਿਆਲੀ ॥"

ਅਰਥਾਤ-"ਖੀਵੀ ਜੀ ਵਰਗੀ ਉੱਤਮ ਸੇਵਕਾ ਦੀ ਸੰਘਣੀ ਛਾਉਂ ਸਿੱਖ-ਜਗਤ ਨੂੰ ਪ੍ਰਾਪਤ ਸੀ। ਗੁਰੂ ਜੀ ਦੀ ਆਮਦਨ ਲੰਗਰ ਦੀ ਸੇਵਾ ਵਿਚ ਹੀ ਲਾ ਦਿਤੀ ਜਾਂਦੀ ਸੀ- ਜਿਥੇ ਦੁੱਧ ਘਿਓ ਨਾਲ ਕੀਤੀ ਅੰਮ੍ਰਿਤ ਵਰਗੀ ਖੀਰ ਵਰਤਾਈ ਜਾਂਦੀ ਸੀ।"

"ਗੁਰੂ ਦੀ ਗੋਲਕ" ਤਾਂ ਹੀ ਹਰੀ-ਭਰੀ ਸਮਝਣੀ ਚਾਹੀਦੀ ਹੈ ਜੇ ਇਹ ਗ਼ਰੀਬ ਦਾ ਮੂੰਹ ਭਰਦੀ ਹੋਵੇ।

ਦਸਮ ਪਾਤਿਸ਼ਾਹ ਜੀ ਦੇ ਸਮੇਂ ਭਾਈ ਨੰਦ ਲਾਲ ਜੀ ਵਰਗੀਆਂ ਵਿਦਵਾਨ ਹਸਤੀਆਂ ਨੇ ਆਪਣੇ ਹੀ ਉੱਦਮ ਨਾਲ ਆਪਣੇ ਜ਼ਿੰਮੇ ਲੰਗਰ ਦੀ ਸੇਵਾ ਚੁੱਕੀ ਹੋਈ ਸੀ। ਇਕ ਸਮੇਂ


Sri Satguru Jagjit Singh Ji eLibrary NamdhariElibrary@gmail.com

ਗੁਰੂ ਸਾਹਿਬ ਆਪ ਇਸ ਪ੍ਰਕਾਰ ਦੇ ਲੰਗਰਾਂ ਨੂੰ ਭੇਸ ਬਦਲ ਕੇ ਪਰਖਣ ਤੁਰੇ ਸਨ ਤੇ ਦੂਜੇ ਦਿਨ ਸੰਗਤ ਵਿਚ ਹਾਜ਼ਰ ਹੋ ਕੇ ਉਚੇਚੇ ਤੌਰ ਤੇ ਸਿਖ ਸੰਗਤਾਂ ਨੂੰ ਦੱਸਿਆ ਸੀ ਕਿ ਭਾਈ ਸਾਹਿਬ ਨੰਦ ਲਾਲ ਜੀ ਦਾ ਲੰਗਰ ਸਭ ਤੋਂ ਵਧੀਆ ਹੈ, ਜਿਥੇ ਸੇਵਾ ਪੂਰੀ ਭਗਤੀ ਭਾਵ ਦੇ ਜਜ਼ਬੇ ਹੇਠ ਹੁੰਦੀ ਹੈ ਤੇ ਜਿਥੇ ਹਰ ਸਮੇਂ ਆਏ ਯਾਤਰੂਆਂ ਦਾ ਬੜੇ ਨਿੱਘ ਨਾਲ ਸੁਆਗਤ ਕੀਤਾ ਜਾਂਦਾ ਹੈ। ਗੁਰੂ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਲੰਗਰ ਦੀ ਇਹ ਸੇਵਾ ਬੜੀ ਉੱਤਮ ਸੇਵਾ ਹੈ, ਜੇ ਇਹ ਪੂਜਾ ਦੀ ਭਾਵਨਾ ਵਿਚ ਹੋ ਕੇ ਕੀਤੀ ਜਾਵੇ। ਗੁਰੂ ਕਾ ਲੰਗਰ ਇਕ ਤਰ੍ਹਾਂ ਦੀ ਪ੍ਰਯੋਗਸ਼ਾਲਾ ਹੈ, ਜਿਥੇ ਸੇਵਾ ਦੀ ਜਾਚ ਸਿਖਣੀ ਹੁੰਦੀ ਹੈ, ਤਾਂ ਜੋ ਅੰਤ ਵਿਚ ਇਸ ਨੂੰ ਸਾਰੇ ਸੰਸਾਰ ਦੀ ਸੇਵਾ ਵਿਚ ਪ੍ਰਸਾਰਿਆ ਜਾ ਸਕੇ। "ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ" ਦਾ ਅਧਿਕਾਰੀ ਬਣਨਾ ਚਾਹੀਦਾ ਹੈ। ਲੰਗਰ ਦੀ ਸੇਵਾ ਇਸ ਕਰ ਕੇ ਵੀ ਮਹੱਤਵ-ਪੂਰਨ ਹੈ ਕਿ ਇਸ ਵਿਚ ਲੱਗਾ ਪੁਰਸ਼ ਕੁਝ ਨ ਕੁਝ ਹੱਥੀਂ ਸੇਵਾ ਵੀ ਕਰਦਾ ਹੈ ਤੇ ਇਹ ਉਸ ਦੀ ਆਤਮਿਕ ਉਸਾਰੀ ਲਈ ਬੜੀ ਲੋੜੀਂਦੀ ਵਸਤੂ ਹੁੰਦੀ ਹੈ, ਜਿਵੇਂ ਕਿ ਝਾੜੂ ਦੇਣਾ, ਜੂਠੇ ਭਾਂਡੇ ਮਾਂਜਣੇ, ਨਿਮਰਤਾ ਤੇ ਸੇਵਾ ਭਾਵ ਉਪਜਾਉਂਦੇ ਹਨ ਤੇ ਸੇਵਾ ਦੇ ਕੰਮਾਂ ਨੂੰ ਉੱਦਮ, ਉਤਸ਼ਾਹ ਤੇ ਲਗਨ ਨਾਲ ਕਰਨ ਦੀ ਆਦਤ ਪਾਉਂਦੇ ਹਨ।

**If you want to attract the people of the world, there are only two attractions—food and shelter. —General William Booth Founder of the SALVATION ARMY England,**

ਸੰਸਾਰ ਪ੍ਰਸਿੱਧ ਈਸਾਈ ਜਥੇਬੰਦੀ 'ਮੁਕਤੀ ਫ਼ੌਜ' ਦੇ ਬਾਨੀ ਜਨਰਲ ਵਿਲੀਅਮ ਬੂਥ ਦਾ ਕਥਨ ਹੈ–ਕਿ ਜੇ ਤੁਸੀਂ ਲੋਕਾਂ ਨੂੰ ਆਪਣੇ ਵਲ ਖਿੱਚਣਾ ਚਾਹੁੰਦੇ ਹੋ ਤਾਂ ਖਿੱਚਾਂ ਕੇਵਲ ਦੋ ਹੀ ਹੁੰਦੀਆਂ



Sri Satguru Jagjit Singh Ji eLibrary NamdhariElibrary@gmail.com

ਹਨ, ਇਕ ਪ੍ਰਸ਼ਾਦਾ ਛਕਾਉਣਾ ਤੇ ਇਕ ਰਹਿਣ ਨੂੰ ਥਾਂ ਦੇਣਾ। ਲੰਗਰ ਤੇ ਮੁਸਾਫ਼ਰਖਾਨਾ ਦੋਵੇਂ ਗੁਰਦੁਆਰਿਆਂ ਦੇ ਸਭਿਆਚਾਰ ਦੇ ਦੋ ਮੁਢਲੇ ਅੰਗ ਹਨ।

ਦੁਨੀਆਂ ਵਿਚ ਜਿੰਨੀਆਂ ਲਹਿਰਾਂ ਨੇ ਸਫ਼ਲਤਾ ਪ੍ਰਾਪਤ ਕੀਤੀ ਹੈ, ਜੇਕਰ ਉਨ੍ਹਾਂ ਬਾਰੇ ਇਹ ਪਤਾ ਕਰਨਾ ਹੋਵੇ ਕਿ ਉਹ ਕਿਸ ਤਰ੍ਹਾਂ ਸਫਲ ਹੋਈਆਂ ਤੇ ਉਨ੍ਹਾਂ ਦੀ ਸਫ਼ਲਤਾ ਵਿਚ ਕੀ ਭੇਦ ਛਿਪਿਆ ਹੋਇਆ ਸੀ ਤਾਂ ਇਹੋ ਪਤਾ ਲਗੇਗਾ ਕਿ ਓਹਨਾਂ ਦਾ ਲੰਗਰ ਨਿਰਵਿਘਨ ਤੌਰ ਤੇ ਚਲਦਾ ਰਿਹਾ ਸੀ ਜਿਸ ਵਿਚ ਕਦੇ ਤੋਟ ਨਹੀਂ ਆਈ ਸੀ।

## ਸਭ ਤੋਂ ਉੱਤਮ ਆਰਥਿਕ ਪ੍ਰਬੰਧ

# ਦਸਵੰਧ

### ਪੰਚਮ ਪਾਤਿਸ਼ਾਹ ਨੂੰ ਆਰਥਿਕ ਸੰਕਟ

ਇਨਸਾਨੀਅਤ ਦੇ ਤਕਾਜ਼ੇ ਅਨੁਸਾਰ ਆਰਥਿਕ ਔਕੜਾਂ ਜਿਵੇਂ ਹੋਰਨਾਂ ਭਗਤਾਂ ਤੇ ਮਹਾਂਪੁਰਖਾਂ ਨੂੰ ਪੇਸ਼ ਆਈਆਂ, ਓਵੇਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਓਹਨਾਂ ਦੇ ਵੱਡੇ ਭਰਾ ਪਿਰਥੀ ਚੰਦ ਦੇ ਜੱਫਾ-ਮਾਰੂ ਸੁਭਾਅ ਨੇ ਮਾਲੀ ਮੁਸ਼ਕਲਾਂ ਦੇ ਮੱਥੇ ਲਾ ਦਿਤਾ। ਐਥੋਂ ਤਕ ਕਿ ਗੁਰੂ ਕਾ ਲੰਗਰ ਮਸਤਾਨਾ ਰਹਿਣ ਲੱਗਾ ਅਤੇ ਘਰ ਵਿਚ ਵੀ ਬਦਾਮਾਂ (ਛੋਲਿਆਂ) ਦੀ ਮਧੂਕਰੀ ਪੱਕਣ ਲੱਗੀ ਅਤੇ ਧਰਮ ਦੇ ਪ੍ਰਚਾਰ ਵਿਚ ਪੈ ਰਹੀ ਰੁਕਾਵਟ ਨੂੰ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਆਦਿ ਮੁਖੀ ਗੁਰਮੁਖਾਂ ਨੇ ਮਹਿਸੂਸ ਕੀਤਾ ਤੇ ਗੁਰੂ ਮਹਾਰਾਜ ਪਾਸ ਇਸ ਆਰਥਿਕ ਮਸਲੇ ਨੂੰ ਪੱਕੇ ਤੌਰ ਪੁਰ ਸਦਾ ਲਈ ਹੱਲ ਕਰਨ ਵਾਸਤੇ ਪ੍ਰਾਰਥਨਾ ਕੀਤੀ। ਸਤਿਗੁਰੂ ਦਿਆਲ ਹੋਏ ਤੇ ਆਪ ਨੇ ਇਕ ਐਸੀ



Sri Satguru Jagjit Singh Ji eLibrary NamdhariElibrary@gmail.com

ਵਿਉਂਤ ਬਣਾਈ ਜਿਸ ਦੀ ਨਜ਼ੀਰ ਪਿਛਲੀ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ, ਉਹ ਸੀ 'ਦਸਵੰਧ'। ਅਰਥਾਤ "ਦਸਵਾਂ ਹਿੱਸਾ ਸਾਰੀ ਕਿਰਤ ਕਮਾਈ ਦਾ ਇਕ ਗੁਰਸਿਖ, ਗੁਰੂ ਨਮਿੱਤ ਕੱਢੇ ਤੇ ਆਪਣੇ ਇਲਾਕੇ ਦੇ ਮਸੰਦ ਰਾਹੀਂ ਸਤਿਗੁਰਾਂ ਦੇ ਹਜ਼ੂਰ ਪਹੁੰਚਾਵੇ, ਜਾਂ ਆਪ ਹਾਜ਼ਰ ਹੋ ਕੇ ਗੁਰੂ ਦੀ ਗੋਲਕ ਵਿਚ ਪਾਵੇ।"

ਇਸ ਤਜਵੀਜ਼ ਨੂੰ ਸਾਰਿਆਂ ਬੜਾ ਪਸੰਦ ਕੀਤਾ ਤੇ ਤੁਰੰਤ ਅਮਲ ਸ਼ੁਰੂ ਹੋ ਗਿਆ। ਦਿਨਾਂ ਵਿਚ ਹੀ ਗੁਰੂ ਦਰਬਾਰ ਵਿਚ ਆਰਥਿਕ ਚਹਿਲ-ਪਹਿਲ ਲੱਗ ਗਈ। ਧਰਮ-ਪ੍ਰਚਾਰ, ਚਲਨ-ਸੁਧਾਰ ਤੇ ਵਿਦਿਆ-ਵਿਹਾਰ ਦੀਆਂ ਰੌਣਕਾਂ ਵਿਚ ਸ਼ਾਨਦਾਰ ਵਾਧਾ ਹੋ ਗਿਆ। ਸਿੱਖ ਬੜੇ ਚਾਉ ਤੇ ਸ਼ਰਧਾ ਨਾਲ ਦਸਵੰਧ ਦੇਂਦੇ ਤੇ ਮਸੰਦ ਪੂਰੀ ਈਮਾਨਦਾਰੀ ਨਾਲ ਗੁਰੂ ਕੇ ਹਜ਼ੂਰ ਪਹੁੰਚਾਂਦੇ ਸਨ, ਇਸ ਬਾਰੇ ਮੌਕੇ ਦਾ ਲਿਖਾਰੀ ਸੰਤ ਬਹਿਰਾਮ ਇਸ ਤਰ੍ਹਾਂ ਦੱਸਦਾ ਹੈ:-

ਪੰਜਵੇਂ ਤੋਂ ਪਹਿਲੇ ਮਹਲ, ਸਿੱਖਾਂ ਪਾਸੋਂ ਕਾਰ-ਭੇਟਾ ਨਹੀਂ ਸਨ ਲੈਂਦੇ। ਆਪਣੀ ਖ਼ੁਸ਼ੀ ਨਾਲ ਜੋ ਕੋਈ ਚਰਨ ਭੇਟ ਰਖਦਾ, ਬੱਸ ਠੀਕ ਹੁੰਦਾ ਸੀ। (ਗੁਰੂ) ਅਰਜਨ ਦੇਵ ਜੀ ਨੇ ਆਪਣੇ ਸਮੇਂ ਹਰ ਸ਼ਹਿਰ ਦੇ ਸਿੱਖਾਂ ਵਿਚੋਂ ਇਕ ਦੀ ਸੇਵਾ ਲਾਈ, ਜੋ ਉਹਨਾਂ ਪਾਸੋਂ ਕਾਰ ਭੇਟਾ ਵਸੂਲ ਕਰੇ।

'ਇਹ ਬੰਧਾਨ ਕਰ ਦਿਤਾ ਗਿਆ ਕਿ ਉਦਾਸੀ (ਦੁਨੀਆਂਦਾਰੀ ਛੱਡ ਦੇਣ ਵਾਲਾ) ਬਣਨਾ ਭਲਾ ਨਹੀਂ। ਇਸ ਕਰ ਕੇ ਬਾਜ਼ੇ ਗੁਰਸਿੱਖ ਵਾਹੀ ਕਰਦੇ ਹਨ, ਕੁਝ ਸੁਦਾਗਰੀ ਅਤੇ ਬਹੁਤੇ ਨੌਕਰੀ ਅਤੇ ਹਰ ਕੋਈ ਸਾਲ ਭਰ ਕਿਰਤ ਵਿਰਤ ਕਰਕੇ ਵਿਤ ਅਨੁਸਾਰ ਜੋ ਕੁਝ ਜੋੜਦਾ ਹੈ ਉਸ ਵਿਚੋਂ ਕਾਰ-ਭੇਟ ਵਜੋਂ ਬਣਾਈ ਰਕਮ ਆਪਣੇ ਇਲਾਕੇ ਦੇ ਮਸੰਦ ਪਾਸ ਪੁਚਾ ਦੇਂਦਾ ਹੈ। ਮਸੰਦ ਉਸ ਨੂੰ ਅੰਗੀਕਾਰ ਨਹੀਂ ਕਰਦਾ ਤੇ ਹੋਰ ਜੋ ਕੁਝ ਸਾਲ ਵਿਚ



Sri Satguru Jagjit Singh Ji eLibrary NamdhariElibrary@gmail.com

ਮਸੰਦ ਵਾਸਤੇ, ਇਸ ਲਈ ਲਿਆਉਂਦੇ ਹਨ-ਉਹ ਉਹਨਾਂ ਦੀ ਭੇਟਾ ਗੁਰੂ ਕੇ ਹਜ਼ੂਰ ਪਹੁੰਚਾਂਦਾ ਹੈ। ਉਸ ਨੂੰ ਮਸੰਦ ਕੇਵਲ ਉਸੇ ਸੂਰਤ ਵਿਚ ਆਪ ਅੰਗੀਕਾਰ ਕਰਦਾ ਜੇ ਉਸ ਪਾਸ ਗੁਜ਼ਾਰੇ ਦਾ ਹੋਰ ਕੋਈ ਵਿਹਾਰ ਨਾ ਹੋਵੇ । ਜੇ ਕੋਈ ਕਾਰ-ਵਿਹਾਰ ਕਰਦਾ ਹੋਵੇ, ਤਾਂ ਉਸ ਧਨ ਨਾਲ ਨਹੀਂ ਲਿਬੜਦਾ। ਕੌਡੀ ਕੌਡੀ ਇਕੱਠੀ ਕਰ ਕੇ ਗੁਰੂ ਕੇ ਪਾਸ ਪਹੁੰਚਾ ਦੇਂਦਾ ਹੈ । ਅਰ ਵੈਸਾਖ ਦੇ ਮਹੀਨੇ-ਜਦੋਂ ਸੂਰਜ ਮੇਖ-ਰਾਸ਼ੀ ਵਿਚੋਂ ਹੁੰਦਾ ਹੈ-ਸਾਰੇ ਮਸੰਦ ਗੁਰੂ-ਦਰਬਾਰ ਵਿਚ ਇਕੱਠੇ ਹੁੰਦੇ ਹਨ। ਉਹਨਾਂ ਦੇ ਮੇਲੀਆਂ ਵਿਚੋਂ ਜੇ ਕੋਈ ਜਾਣਾ ਚਾਹੇ ਤੇ ਜਾਣ ਲਈ ਸਮਰੱਥਾ ਭੀ ਹੋਵੇ, ਮਸੰਦ ਨਾਲ ਗੁਰੂ ਕੇ ਹਜ਼ੂਰ ਹਾਜ਼ਰ ਹੁੰਦਾ ਹੈ। ਵਿਦਾਇਗੀ ਸਮੇਂ ਗੁਰੂ ਜੀ ਹਰ ਮਸੰਦ ਨੂੰ ਦਸਤਾਰ ਬਖ਼ਸ਼ਦੇ ਹਨ।

ਇਸ ਵਰਣਨ ਤੋਂ ਸਾਫ ਪਤਾ ਲੱਗਦਾ ਹੈ ਕਿ ਦਸਵੰਧ (ਕਾਰ-ਭੇਟ) ਪੰਜਵੇਂ ਪਾਤਸ਼ਾਹ ਦੇ ਸਮੇਂ ਤੋਂ, ਹਰ ਸਿੱਖ ਲਈ ਗੁਰੂ ਨਮਿਤ ਦੇਣਾ ਲਾਜ਼ਮੀ ਕਰਾਰ ਦਿਤਾ ਗਿਆ ਸੀ । ਇਸ ਬੰਧਾਨ ਦੀਆਂ ਨਿਸ਼ਾਨੀਆਂ ਅਜੇ ਪੁਰਾਣੇ ਸਿੱਖ ਘਰਾਣਿਆਂ ਵਿਚ ਮੌਜੂਦ ਹਨ । ਜਦੋਂ ਕੋਈ ਗਊ, ਮੱਝ ਸਿੱਖ ਦੇ ਘਰ ਸੂੰਦੀ ਹੈ, ਉਸ ਅਵਸਰ ਤੇ ਦੁੱਧ ਚੋਣ ਤੋਂ ਪਹਿਲਾਂ ਇਸ ਭਾਵ ਦਾ ਅਰਦਾਸਾ ਕੀਤਾ ਜਾਂਦਾ ਹੈ :-

"ਸੱਚੇ ਪਾਤਸ਼ਾਹ! ਇਹ ਵੱਛੀ (ਵੱਛਾ ਜਾਂ ਕੱਟੀ, ਜੋ ਜਨਮਿਆ ਹੋਵੇ) ਤੇਰਾ ਦਸਾਉਂਧੀ ਹੈ......।"

ਅਰਦਾਸ ਕਰ ਕੇ ਉਸ ਨਵੇਂ ਜੰਮੇ ਬੱਚੇ ਦੀ ਕੀਮਤ ਪਵਾਈ ਜਾਂਦੀ ਹੈ ਤੇ ਉਸ ਦਾ ਦਸਵਾਂ ਹਿੱਸਾ ਉਸ ਅਵਸਰ ਗੁਰੂ ਨਮਿੱਤ ਵੱਖਰਾ ਕਰ ਕੇ ਰਖ ਦਿੱਤਾ ਜਾਂਦਾ ਹੈ। ਕੋਈ ਗੁਰੂ ਕਿਆਂ (ਸੋਢੀ ਸਾਹਿਬਜ਼ਾਦਿਆਂ) ਨੂੰ ਤੇ ਕੋਈ ਨੇੜੇ ਦੇ ਗੁਰਦੁਆਰੇ ਪਹੁੰਚਾ ਦੇਂਦਾ ਹੈ ।



Sri Satguru Jagjit Singh Ji eLibrary NamdhariElibrary@gmail.com

# ਜੰਗਲ ਵਾਸੀਆਂ ਦਾ ਧਰਮ

ਇਸ ਵੱਡੀ ਦੁਨੀਆਂ ਦੇ ਸਨਮੁੱਖ ਅਸੀਂ ਖੜ੍ਹੇ ਹਾਂ । ਸਾਡੇ ਜੀਵਨ ਦੀ ਸੱਚਾਈ ਕੀ ਹੈ ? ਇਸ ਦੇ ਉੱਤਰ ਦਾ ਨਿਰਭਰ ਸਾਡੇ ਆਪਣੇ ਹੀ ਮਨ ਦੇ ਇਸ ਵੱਲ ਰਵੱਈਏ ਤੋਂ ਮਿਲੇਗਾ–ਉਹ ਰਵੱਯਾ ਜੋ ਉਪਜਦਾ ਹੈ ਸਾਡੇ ਇਸ ਵੱਲ ਵਰਤਾਓ ਦੀ ਆਦਤ ਤੋਂ ਜਿਹੜਾ ਕਿ ਸਾਡੇ ਆਲੇ ਦੁਆਲੇ ਦੇ ਖ਼ਾਸ ਹਾਲਾਤ ਅਤੇ ਸਾਡੇ ਸੁਭਾਵਾਂ ਅਨੁਸਾਰ ਹੀ ਹੁੰਦਾ ਹੈ। ਇਹੋ ਸਾਡੇ ਯਤਨਾਂ ਦੀ ਅਗਵਾਈ ਕਰਦਾ ਹੈ ਕਿ ਅਸੀਂ ਸੰਸਾਰ ਨਾਲ ਆਪਣੇ ਸੰਬੰਧ ਸੰਸਾਰ ਨੂੰ ਆਪਣੀ ਤਾਬਿਆ ਕਰਨ ਲਈ ਬਣਾਉਂਦੇ ਹਾਂ ਜਾਂ ਇਸ ਨਾਲ ਏਕਤਾ ਦੀ ਸਾਂਝ ਪਾਉਣ ਲਈ, ਅਰਥਾਤ ਇਸ ਉਤੇ ਆਪਣੀ ਤਾਕਤ ਖੜ੍ਹੀ ਕਰਨ ਲਈ ਜਾਂ ਇਸ ਨਾਲ ਹਮਦਰਦੀ ਬਣਾਉਣ ਲਈ ਅਤੇ ਇਸ ਤਰ੍ਹਾਂ ਆਪਣੀ ਜੀਵਨ ਹੋਂਦ ਦੀ ਸੱਚਾਈ ਪ੍ਰਾਪਤ ਕਰਦਿਆਂ, ਅਸੀਂ ਜਾਂ ਤਾਂ ਦਵੈਤ ਦੇ ਨਿਯਮ ਤੇ ਜ਼ੋਰ ਦੇ ਰਹੇ ਹੁੰਦੇ ਹਾਂ, ਜਾਂ ਏਕਤਾ ਦੇ ਨਿਯਮ ਤੇ। ਭਾਰਤ ਦੇ ਦਾਨਿਆਂ ਨੇ ਉਪਨਿਸ਼ਦਾਂ ਵਿਚ ਫ਼ੈਸਲਾ ਦਿੱਤਾ ਹੈ ਕਿ ਸਾਡੀ ਆਤਮਾ ਦੀ ਕਲਿਆਣ ਇਸ ਦੀ ਅੰਤਮ ਸੱਚਾਈ ਪ੍ਰਾਪਤ ਕਰਨ ਵਿਚ ਹੈ। ਉਹ ਇਉਂ ਕਹਿੰਦੇ ਸਨ :–
"ਭਰਾਵੋ ! ਇਹ ਗੱਲ ਮੰਨ ਲਵੋ ਕਿ ਇਸ ਚਲਦੀ ਦੁਨੀਆਂ ਵਿਚ ਜੋ ਵੀ ਚਲ ਰਿਹਾ ਹੈ, ਸਭ ਪ੍ਰਮਾਤਮਾਂ ਦੇ ਅੰਦਰ ਹੀ ਰਹਿੰਦਾ ਹੈ, ਅਰਥਾਤ ਉਸ ਦੇ ਹੁਕਮ ਅੰਦਰ ਹੀ ਹੈ, ਅਤੇ ਤੁਸੀਂ ਤਿਆਗ ਰਾਹੀਂ ਅਨੰਦ ਪਰਾਪਤ ਕਰੋ, ਮਾਲਕੀ ਦੀ ਭੁੱਖ ਰਾਹੀਂ ਨਹੀਂ ।

(ਮਹਿਰਿਸ਼ੀ)

ਰਾਬਿੰਦਰ ਨਾਥ ਟੈਗੋਰ ਦੀ ਅੰਗਰੇਜ਼ੀ ਪੁਸਤਕ CREATIVE UNITY 'ਰਚਨਾਤਮਿਕ ਏਕਤਾ ਵਿਚੋਂ' ।

ਟੈਗੋਰ ਜੀ ਦਾ ਭਾਵ ਇਹ ਹੈ ਕਿ ਭਾਰਤੀਆਂ ਦੀ ਧਾਰਮਿਕ ਵਿਦਿਆ ਦਾ ਅਸਰ ਇਹ ਸੀ ਕਿ ਉਨ੍ਹਾਂ ਦੀ ਨਿਗ੍ਹਾ ਏਕਤਾ ਵਾਲੀ



Sri Satguru Jagjit Singh Ji eLibrary NamdhariElibrary@gmail.com

ਹੋ ਜਾਂਦੀ ਸੀ। ਸਾਰਾ ਸੰਸਾਰ ਉਨ੍ਹਾਂ ਦਾ ਆਪਣਾ ਟੱਬਰ ਬਣ ਜਾਂਦਾ ਸੀ ਤੇ ਸੰਸਾਰ-ਸੇਵਾ ਜੀਵਨ-ਆਦਰਸ਼। ਜਿਸ ਗੱਭਰੂ ਦੇ ਸਿਰ ਉਤੇ ਮਾਂ ਬਾਪ ਤੇ ਭੈਣ ਭਰਾਵਾਂ ਦੀ ਪਾਲਣਾ ਦੀ ਜ਼ਿੰਮੇਵਾਰੀ ਹੋਵੇ ਉਹ ਆਪਣੇ ਵਲੋਂ ਵੱਧ ਤੋਂ ਵੱਧ ਉੱਦਮ ਕਰਦਾ ਹੈ, ਨਹੀਂ ਤਾਂ ਉਹ ਗ਼ਾਫ਼ਲ ਹੋ ਸਕਦਾ ਹੈ ਤੇ ਉਸ ਦੀਆਂ ਸ਼ਕਤੀਆਂ ਉਸ ਦੇ ਅੰਦਰ ਹੀ ਲੁਕੀਆਂ ਰਹਿੰਦੀਆਂ ਹਨ। ਇਸਦਾ ਅਰਥ ਇਹ ਹੋਇਆ ਕਿ ਸੰਸਾਰ ਤੇ ਜੀਵਾਂ ਦਾ ਜਿੰਨਾ ਵੀ ਭਾਰ ਕੋਈ ਬੰਦਾ ਆਪਣੇ ਸਿਰ ਤੇ ਚੁੱਕਦਾ ਹੈ ਓਨਾਂ ਹੀ ਉਸ ਦੀਆਂ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ ਤੇ ਉਹ ਰਚਨਾਤਮਿਕਤਾ ਦੇ ਰਾਹ ਤੇ ਤੁਰਦਾ ਹੈ। ਈਸ਼ੋਪਨਿਸ਼ਦ ਦਾ ਉਤੇ ਆਇਆ ਸਲੋਕ ਅਨੁਸਾਰ ਬੰਦਾ ਹੀ ਸੰਸਾਰ ਦੇ ਸਾਰੇ ਜੀਵਾਂ ਨਾਲ ਦੁੱਖ ਸੁਖ ਦੀ ਸਾਂਝ ਪਾ ਕੇ ਰਚਨਾਤਮਿਕਤਾ ਦੇ ਰਾਹ ਤੇ ਤੁਰਦਾ ਹੈ ਤੇ ਇਸ ਤਰ੍ਹਾਂ ਪਰਉਪਕਾਰ ਦਾ ਭਾਵ ਇਸ ਦੀਆਂ ਮਨ, ਬੁੱਧੀ ਤੇ ਸਰੀਰ ਦੀਆਂ ਸ਼ਕਤੀਆਂ ਦੇ ਵਿਕਾਸ ਦਾ ਕਾਰਣ ਬਣਦਾ ਹੈ।

ਇਸ ਕਿਤਾਬਚੇ ਵਿਚ ਮੈਂ ਕੁਝ ਐਸੇ ਲੇਖ ਦਿਤੇ ਹਨ ਜਿਨ੍ਹਾਂ ਨੂੰ ਪੜ੍ਹਨ ਨਾਲ ਬੰਦਾ ਆਪਣੀਆਂ ਸ਼ਕਤੀਆਂ ਦਾ ਵਧ ਤੋਂ ਵੱਧ ਵਿਕਾਸ ਕਰਦਾ ਹੋਇਆ ਇਕ ਸਫਲ ਜੀਵਨ ਬਤੀਤ ਕਰ ਸਕਦਾ ਹੈ।

## ਹਰੀ-ਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਮਹਿਮਾ

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥

ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਇਤਨੀ ਭਾਗਾਂ ਵਾਲੀ ਨਗਰੀ ਅਤੇ ਮਹਾਨ ਹੈ ਕਿ ਇਸ ਦੇ ਦਰਸ਼ਨਾਂ ਦੀ ਇਛਿਆ ਹਰ ਗੁਰਸਿਖ ਦੇ ਹਿਰਦੇ ਦੀ ਧੜਕਣ ਬਣੀ ਹੋਈ ਹੈ ਸਗੋਂ ਹਰ ਗੁਰਸਿੱਖ ਪ੍ਰਤੀ-ਦਿਨ ਇਉਂ ਅਰਦਾਸ ਕਰਦਾ ਹੈ:–ਦਾਨਾ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਵੀ ਇਸ ਦੀ ਮਹਿਮਾ ਇਉਂ ਕੀਤੀ ਹੈ :–

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ



Sri Satguru Jagjit Singh Ji eLibrary NamdhariElibrary@gmail.com

ਬਿਧਾਤੇ ਤਾਂ ਤੂ ਸੋਹਿਆ ॥ ਵਸਦੀ ਸਘਨ ਅਪਾਰ
ਅਨੂਪ ਰਾਮਦਾਸਪੁਰ ॥ ਹਰਿਹਾਂ ਨਾਨਕ ਕਸਮਲ ਜਾਹਿ
ਨਾਇਐ ਰਾਮਦਾਸ ਸਰ ॥

"ਅਰਥਾਤ–ਹੇ ਰਾਮਦਾਸਪੁਰਿ (ਗੁਰੂ ਰਾਮਦਾਸ ਦੀ ਵਸਾਈ ਨਗਰੀ, ਜੋ ਅੰਮ੍ਰਿਤ ਸਰੋਵਰ ਦੀ ਹੋਂਦ ਦੇ ਕਾਰਨ ਹੁਣ ਅੰਮ੍ਰਿਤਸਰ ਸ਼ਹਿਰ ਸਦਵਾਂਦੀ ਹੈ), ਮੈਂ ਸਭ ਥਾਈਂ ਫਿਰ ਵੇਖਿਆ ਹੈ, ਤੇਰੇ ਤੁਲ ਕੋਈ ਵੀ ਹੋਰ ਅਸਥਾਨ ਨਹੀਂ। (ਪਰ ਇਸ ਦਾ ਕਾਰਨ ਵੀ ਹੈ) ਤੈਨੂੰ ਬਿਧਾਤੇ ਪੁਰਖ (ਰਚਨਹਾਰ ਕਰਤਾਰ) ਨੇ ਆਪ ਹੋਂਦ ਵਿਚ ਲਿਆਂਦਾ ਹੈ (ਸਾਰੇ ਸੰਸਾਰ ਦੀ ਅਧਿਆਤਮਕ ਉਸਾਰੀ ਲਈ) ਇਸੇ ਲਈ ਹੀ ਹੁਣ ਤੂੰ ਇਤਨੀ ਸ਼ੋਭਾ ਵਾਲਾ ਅਸਥਾਨ ਹੋ ਗਿਆ ਹੈਂ। ਵੇਖੋ ਲੋਕੋ, ਇਸ ਅਨੂਪ ਤੇ ਅਪਾਰ (ਸੁੰਦਰ ਤੇ ਅਦੁੱਤੀ) ਰਾਮਦਾਸਪੁਰ ਦੀ ਵਸੋਂ ਇਤਨੀ ਤੇਜ਼ੀ ਨਾਲ ਸੰਘਣੀ ਹੁੰਦੀ ਜਾ ਰਹੀ ਹੈ। ਹੇ ਨਾਨਕ, (ਦੁਨੀਆਂ ਇਸ ਲਈ ਇਸ ਅਸਥਾਨ ਤੇ ਖਿਚੀ ਆ ਰਹੀ ਹੈ) ਕਿਉਂਕਿ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਿਆਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ (ਯਾਦ ਰਖਣ ਵਾਲੀ ਗੱਲ ਏਥੇ ਇਹ ਹੈ ਕਿ ਇਸ ਇਸ਼ਨਾਨ ਦਾ ਮਨੋਰਥ ਨਿਰਾ ਸਰੀਰਕ ਇਸ਼ਨਾਨ ਨਹੀਂ ਤੀਰਥਾਂ ਦੇ ਜਲ ਭਾਵੇਂ ਕਿਸੇ ਵੀ ਅਸਥਾਨ ਦੇ ਹੋਣ, ਉਹ ਆਖ਼ਰ ਜਲ ਹੀ ਹੁੰਦੇ ਹਨ, ਜੋ ਸਰੀਰਕ ਮੈਲ ਤਾਂ ਧੋ ਦਿੰਦੇ ਹਨ ਪਰ ਇਸ ਤੋਂ ਅੱਗੇ ਉਹ ਨਹੀਂ ਜਾਂਦੇ। ਗੁਰੂ ਅਰਜਨ ਦੇਵ ਜੀ ਨੇ ਇਸੇ ਕਾਰਨ ਅੰਮ੍ਰਿਤ ਸਰੋਵਰ ਦੇ ਅੰਦਰ ਇਕ ਮੰਦਰ ਖੜ੍ਹਾ ਕਰ ਦਿੱਤਾ ਸੀ ਜਿਸ ਵਿਚ ਨਾਮ ਬਾਣੀ ਦੇ ਕੀਰਤਨ ਦਾ ਪੱਕਾ ਪ੍ਰਬੰਧ ਵੀ ਕਰ ਦਿੱਤਾ ਸੀ ਤੇ ਇਸ ਤਰ੍ਹਾਂ ਸਰੋਵਰ ਦੇ ਇਸ਼ਨਾਨ ਨੂੰ ਆਤਮ ਇਸ਼ਨਾਨ ਦੇ ਚਿੰਨ੍ਹ ਦੇ ਤੌਰ ਤੇ ਇਉਂ ਪੇਸ਼ ਕਰ ਦਿੱਤਾ ਸੀ :

'ਹਰਿ ਜਪੇ ਹਰਿ ਮੰਦਰ ਸਾਜਿਆ ਸੰਤ ਭਗਤ ਗੁਣ
ਗਾਵਹਿ ਰਾਮ ॥' (ਸੂਹੀ ਮਹਲਾ ੫)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸ਼ਬਦ ਦਾ ਭਾਵ ਇਹ ਹੈ ਕਿ



Sri Satguru Jagjit Singh Ji eLibrary NamdhariElibrary@gmail.com

ਹਰੀ-ਮੰਦਰ ਨਾਮ ਬਾਣੀ ਦੇ ਪਰਤਾਪ, ਗੁਰਮੁਖਾਂ ਦੇ ਮੇਲ ਤੇ ਸਾਧ ਸੰਗਤ ਦੇ ਦਰਸ਼ਨਾਂ ਨਾਲ ਆਤਮ ਇਸ਼ਨਾਨ ਕੀਤਾ ਜਾਣਾ ਹੈ। ਇਹ ਇਸ਼ਨਾਨ ਨਿਰੀ ਟੁੱਬੀ ਬਿਲਕੁਲ ਨਹੀਂ, ਇਸ ਨੇ ਸਗੋਂ ਆਤਮ ਇਸ਼ਨਾਨ ਦਾ ਸੂਚਕ ਬਣਨਾ ਹੈ। ਇਹ ਮਹਿਮਾ ਇਸ ਲਈ ਨਹੀਂ ਕਿ ਇਸ ਦੀ ਇਮਾਰਤੀ ਵਿਉਂਤ ਸੁੰਦਰ ਹੈ। ਸੰਸਾਰ ਅੰਦਰ ਬੇਅੰਤ ਇਮਾਰਤਾਂ ਹਨ ਜੋ ਇਸ ਨਾਲੋਂ ਵਧ ਸੁੰਦਰ ਹਨ ਪਰ ਇਤਿਹਾਸ ਦੱਸਦਾ ਹੈ ਕਿ ਜਦ ਹਰਿਮੰਦਰ ਤਿਆਰ ਹੋ ਗਿਆ ਤਾਂ ਗੁਰੂ ਸਾਹਿਬ ਖ਼ੁਸ਼ੀ ਅਤੇ ਸ਼ੁਕਰਾਨੇ ਦੇ ਹੁਲਾਰੇ ਵਿਚ ਅੱਥਰੂ ਕੇਰ ਰਹੇ ਸਨ। ਉਨ੍ਹਾਂ ਦੇ ਸਾਹਮਣੇ ਉਹਨਾਂ ਹਜ਼ਾਰਾਂ ਸੇਵਕਾਂ ਦੀ ਤਸਵੀਰ ਆ ਗਈ ਸੀ ਜਿਨ੍ਹਾਂ ਆਪਣਾ ਪਸੀਨਾ ਡੋਲ੍ਹ ਕੇ ਅਤੇ ਆਪਣਾ ਧਨ ਤੇ ਸਮਾਂ ਖਰਚ ਕਰ ਕੇ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ ਸੀ ਇਸ ਨਾਲ ਅੰਮ੍ਰਿਤਸਰ ਇਕ ਨਿਰਾ ਸ਼ਹਿਰ ਨਹੀਂ ਸੀ ਰਹਿ ਜਾਂਦਾ, ਗੁਰੂ ਸਾਹਿਬ ਦੀ ਦੂਰ-ਦਰਸ਼ੀ ਤੇ ਵਿਸ਼ਾਲ ਨਿਗਾਹ ਵਿਚ ਇਹ ਸਿਖ-ਸਭਿਆਚਾਰ ਦਾ ਕੇਂਦਰ ਬਣ ਰਿਹਾ ਸੀ।

## ਗੁਰਸਿੱਖ ਕੈਸਾ ਹੋਵੇ ?

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ ॥
ਸਬਰੁ ਸਿਦਕਿ ਸ਼ਹੀਦ ਭਰਮ ਭਉ ਖੋਵਣਾ ॥
ਗੋਲਾ ਮੁਲ ਖਰੀਦੁ ਕਾਰੇ ਜੋਵਣਾ ॥
ਨਾ ਤਿਸੁ ਭੁਖ ਨਾ ਨੀਂਦ ਨਾ ਖਾਣਾ ਸੋਵਣਾ ॥
ਪੀਹਣਿ ਹੋਇ ਜਦੀਦ ਪਾਣੀ ਢੋਵਣਾ ॥
ਪਖੇ ਦੀ ਤਾਗੀਦੁ ਪਗ ਮਲਿ ਧੋਵਣਾ ॥
ਸੇਵਕ ਹੋਇ ਸੰਜੀਦੁ ਨਾ ਹਸਣੁ ਰੋਵਣਾ ॥
ਦਰ ਢਰਵੇਸ ਰਸੀਦੁ ਪਿਰਮ ਰਸੁ ਭੋਵਣਾ ॥
ਚੰਦ ਮੁਮਾਰਿਖ ਈਦ ਪੁਗਿ ਖਲੋਵਣਾ ॥੩॥੧੮॥

ਮੁਰੀਦ–ਚੇਲਾ। ਸ਼ਹੀਦ–ਜੋ ਧਰਮ ਦੀ ਖ਼ਾਤਰ ਮਰਨ ਲਈ



Sri Satguru Jagjit Singh Ji eLibrary NamdhariElibrary@gmail.com

ਤਿਆਰ ਹੈ। ਕਾਰੇ ਜੋਵਨਾ-ਗੁਰੂ ਦੇ ਕੰਮਾਂ ਵਿਚ ਜੁੱਟਿਆ ਰਹਿਣਾ। ਜਦੀਦ-ਨਵਾਂ। ਸੰਜੀਦ-ਗਹਿਰ ਗੰਭੀਰ। ਰਸੀਦੁ-ਪਹੁੰਚਿਆ ਹੋਇਆ। ਪੁੱਗ ਖਲੋਵਣਾ-ਸੰਸਾਰ ਦੀ ਬਾਜ਼ੀ ਜਿੱਤ ਜਾਣਾ, ਜੀਵਨ ਸਫ਼ਲ ਕਰ ਲੈਣਾ।

੧. (ਆਪਾ ਭਾਵ ਤੋਂ) ਮਰ ਕੇ ਹੀ ਕੋਈ ਚੇਲਾ ਹੋਣ ਦਾ ਮਾਣ ਪ੍ਰਾਪਤ ਕਰ ਸਕਦਾ ਹੈ, ਗੱਲਾਂ ਨਾਲ ਨਹੀਂ।

੨. ਉਹ ਸਬਰ ਤੇ ਸੰਤੋਖ ਵਾਲਾ ਜ਼ਿੰਦਾ ਸ਼ਹੀਦ ਹੈ ਤੇ ਉਸ ਨੇ ਭਰਮ ਭਉ ਗਵਾ ਛਡਿਆ ਹੋਇਆ ਹੈ। ਏਥੇ ਦੱਸਿਆ ਹੈ ਕਿ ਉਹ ਧਰਮ ਦੀ ਖ਼ਾਤਰ ਮਰਨ ਨੂੰ ਤਿਆਰ ਹੈ ਤੇ ਉਸ ਦੀ ਆਪਣੀ ਸ਼ਖ਼ਸੀਅਤ ਵਿਚ ਸਬਰ ਸਿਦਕ ਹੈ ਤੇ ਉਸ ਦੇ ਭਰਮ ਭਉ ਨਾਸ ਹੋ ਚੁਕੇ ਹੋਏ ਹਨ।

੩. ਉਹ ਗੁਰੂ ਦਾ ਮੁੱਲ ਖ਼ਰੀਦੀ ਗ਼ੁਲਾਮ ਹੈ ਤੇ ਹਰ ਵੇਲੇ ਉਹ ਗੁਰੂ ਦੇ ਕੰਮਾਂ ਵਿਚ ਜੁੱਟਿਆ ਰਹਿੰਦਾ ਹੈ।

੪. ਉਹ ਨਾ ਭੁੱਖ ਦੀ, ਨਾ ਨੀਂਦ, ਨਾ ਸੌਣ ਦੀ ਤੇ ਨਾ ਖਾਣ ਦੀ ਪ੍ਰਵਾਹ ਕਰਦਾ ਹੈ। ਅਰਥਾਤ-ਸੇਵਾ ਦੀ ਲਗਨ ਵਿਚ ਉਹ ਏਨਾ ਮਸਤ ਹੈ ਕਿ ਉਹ ਨਾ ਭੁੱਖ, ਨਾ ਤਰੇਹ ਦੀ ਪ੍ਰਵਾਹ ਕਰਦਾ ਹੈ ਤੇ ਨਾਂ ਆਪਣੇ ਆਰਾਮ ਦੀ।

੫. ਸੇਵਾ ਦੇ ਸ਼ੌਕ ਵਿਚ ਉਹ ਤਾਜ਼ਾ ਆਟਾ ਪੀਂਹਦਾ ਹੈ ਤੇ ਪਾਣੀ ਢੋਂਦਾ ਹੈ। ਗੁਰੂ ਦਾ ਕੰਮ- ਉਹ ਫ਼ਿਕਰ ਨਾਲ ਤੇ ਪੂਰੀ ਨਿਮਰਤਾ ਵਿਚ ਰਹਿ ਕੇ ਕਰਦਾ ਹੈ।

੬. ਉਹ ਸੰਗਤਾਂ ਦੀ ਸੇਵਾ ਵਿਚ ਪੱਖਾ ਝੱਲਦਾ ਤੇ ਗੁਰੂ ਦੇ ਚਰਨ ਮਲ ਮਲ ਕੇ ਧੋਂਦਾ ਹੈ। ਅਰਥਾਤ-ਸੰਗਤਾਂ ਤੇ ਗੁਰੂ ਦੀ ਤਾਬੇਦਾਰੀ ਵਿਚ ਰਹਿੰਦਾ ਹੈ।

੭. ਉਹ ਗੰਭੀਰ ਸੇਵਕ ਹੋ ਕੇ ਵਿਚਰਦਾ ਹੈ। ਨਾ ਉਹ ਮਾਣ ਪ੍ਰਾਪਤ ਕਰ ਕੇ ਹੱਸਦਾ ਹੈ ਤੇ ਨਾ ਨਿਰਾਦਰੀ ਤੋਂ ਦੁੱਖੀ ਹੋ ਕੇ ਰੋਂਦਾ ਹੈ। ਉਹ ਸਹਿਜ ਵਿਚ ਅੱਪੜ ਗਿਆ ਹੋਇਆ ਹੈ। ਉਸ ਨੂੰ ਨਾਂ



Sri Satguru Jagjit Singh Ji eLibrary NamdhariElibrary@gmail.com

ਹਿਰਖ ਹੈ, ਨਾ ਸੋਗ ਹੈ, ਨਾ ਦੁੱਖ ਹੈ, ਨਾ ਸੁੱਖ ਹੈ, ਨਾ ਸਨੇਹ ਹੈ, ਨਾ ਵਿਰੋਧ ਹੈ, ਕੰਚਨ (ਸੋਨਾ) ਮਿੱਟੀ ਇਕ ਸਮਾਨ ਹਨ ਆਦਿਕ।

## ਜਪੁ ਜੀ ਸਾਹਿਬ ਵਿਚ ਜਤ ਦੀ ਮਹੱਤਤਾ

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦਿ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੩॥

## ਪਦ-ਅਰਥ

ਜਤੁ-ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕਣਾ, ਪਹਾਰਾ-ਭੱਠੀ, ਜਿਥੇ ਸੁਨਿਆਰਾ ਬਹਿ ਕੇ ਕੰਮ ਕਰਦਾ ਹੈ; ਵੇਦ-ਗਿਆਨ, ਤਪ ਤਾਉ-ਕਰੜੀ ਘਾਲ, ਜ਼ਾਬਤੇ ਵਾਲਾ ਜੀਵਨ, ਭਾਉ-ਪ੍ਰੇਮ; ਅੰਮ੍ਰਿਤ-ਅੰਮ੍ਰਿਤ ਨਾਮ; ਸ਼ਬਦ-ਆਵਾਜ਼, ਸੱਦਾ, ਫੁਰਮਾਣੁ, ਹੁਕਮ; ਨ੍ਦਰੀ-ਮਿਹਰ ਦੀ ਨਜ਼ਰ ਵਾਲੇ ਹਰੀ ਦੀ; ਨਿਹਾਲ-ਪ੍ਰਸੰਨ।

## ਟੀਕਾ

ਜੇ ਜਤ ਭੱਠੀ ਹੋਵੇ, ਧੀਰਜ ਸੁਨਿਆਰਾ ਹੋਵੇ।

ਮਤਿ ਅਹਰਣ ਹੋਵੇ ਅਤੇ ਗਿਆਨ ਹਥੌੜਾ ਹੋਵੇ।

ਹਰੀ-ਭਉ ਖੱਲਾ (ਧੌਂਕਣੀ) ਹੋਵੇ, ਤਪ ਸਾਧਨਾ (ਜ਼ਾਬਤੇ ਦਾ ਜੀਵਨ) ਅਗਨੀ ਹੋਵੇ।

ਪ੍ਰੇਮ ਦਾ ਭਾਂਡਾ ਹੋਵੇ ਤਾਂ ਇਸ ਭਾਂਡੇ (ਕੁਠਾਲੀ) ਵਿਚ ਅੰਮ੍ਰਿਤ-ਨਾਮ ਢਾਲੋ।

ਇਸ ਤਰ੍ਹਾਂ ਸੱਚੀ ਟਕਸਾਲ ਦਾ ਸ਼ਬਦ ਘੜਿਆ ਜਾਂਦਾ ਹੈ ਅਰਥਾਤ ਹਰੀ ਦਾ ਹੁਕਮ ਅੰਦਰੋਂ ਹੀ ਘੜਿਆ ਜਾ ਕੇ ਲੱਭਦਾ ਹੈ।

ਜਿਨ੍ਹਾਂ (ਵਡਭਾਗੀ) ਮਨੁੱਖਾਂ ਤੇ ਹਰੀ ਦੀ ਮਿਹਰ ਹੁੰਦੀ ਹੈ, ਉਹੋ



Sri Satguru Jagjit Singh Ji eLibrary NamdhariElibrary@gmail.com

ਹੀ ਇਸ ਕਾਰ ਨੂੰ ਕਰਦੇ ਹਨ।

ਹੇ ਨਾਨਕ, ਉਹ ਮਿਹਰ ਦੀ ਨਜ਼ਰ ਵਾਲੇ ਹਰੀ ਦੀ ਨਜ਼ਰ ਦੁਆਰਾ ਨਿਹਾਲ ਹੋ ਜਾਂਦੇ ਹਨ।

ਜਪੁ ਜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਭ ਤੋਂ ਪਹਿਲੀ ਬਾਣੀ ਹੈ। ਸਿੱਖ ਨਿਤਨੇਮ ਦੀਆਂ ਜਿਹੜੀਆਂ ਪੰਜ ਬਾਣੀਆਂ ਹਨ : (ਅੰਮ੍ਰਿਤ ਵੇਲੇ ਜਪੁ ਜੀ ਸਾਹਿਬ, ਜਾਪ ਸਾਹਿਬ, ਤ੍ਵਪ੍ਰਸਾਦਿ ਸਵਯੇ ਸ਼ਾਮ ਨੂੰ ਰਹਿਰਾਸ ਸਾਹਿਬ ਤੇ ਰਾਤ ਨੂੰ ਕੀਰਤਨ ਸੋਹਿਲਾ) ਉਹਨਾਂ ਵਿਚ ਇਹ ਸਭ ਤੋਂ ਪਹਿਲੀ ਹੈ। ਜਿਹੜੇ ਬੰਦੇ ਨਿਤਨੇਮ ਦੀਆਂ ਪੰਜਾਂ ਬਾਣੀਆਂ ਦਾ ਪਾਠ ਨਹੀਂ ਕਰ ਸਕਦੇ ਉਹ ਜਪੁਜੀ ਸਾਹਿਬ ਦਾ ਪਾਠ ਜ਼ਰੂਰ ਕਰਦੇ ਹਨ। ਜਪੁਜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੱਤ ਹੈ ਤੇ ਲੋਕੀਂ ਇਸ ਦੇ ਪਾਠ ਨੂੰ ਆਪਣੇ ਜੀਵਨ ਦਾ ਸਭ ਤੋਂ ਵੱਡਾ ਸਹਾਰਾ ਸਮਝਦੇ ਹਨ। ਹੇਠਲਾ ਸਲੋਕ ਜਪੁਜੀ ਸਾਹਿਬ ਦੇ ਅੰਤ ਵਿਚ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਸਮੇਂ ਇਸ ਸਲੋਕ ਨੂੰ ਜ਼ਰੂਰ ਪੜ੍ਹਿਆ ਜਾਂਦਾ ਹੈ।

## ਸਲੋਕੁ ॥

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

## ਪਦ-ਅਰਥ

ਮਹਤੁ–ਵਡੀ; ਵਾਚੈ- ਪੜ੍ਹਦਾ ਹੈ; ਪੜਤਾਲਦਾ; ਮਸਕਤਿ–ਮਿਹਨਤ ਕਮਾਈ।



Sri Satguru Jagjit Singh Ji eLibrary NamdhariElibrary@gmail.com

# ਟੀਕਾ

(ਜਗਤ ਦੇ ਜੀਵਾਂ ਲਈ) ਪਵਨ ਮਾਨੋ ਗੁਰੂ ਹੈ (ਪਵਨ ਨੂੰ ਏਥੇ ਗੁਰੂ ਇਸ ਲਈ ਆਖਿਆ ਗਿਆ ਹੈ ਕਿਉਂਕਿ ਸਰੀਰ ਨੂੰ ਚਲਦਾ ਰੱਖਣ ਲਈ ਇਹ ਓਵੇਂ ਹੀ ਜ਼ਰੂਰੀ ਹੈ ਜਿਵੇਂ ਆਤਮਾ ਦੇ ਜੀਵਨ ਲਈ ਗੁਰੂ ਜ਼ਰੂਰੀ ਹੁੰਦਾ ਹੈ) ਪਾਣੀ ਪਿਤਾ ਹੈ ਅਤੇ ਧਰਤੀ ਵੱਡੀ ਮਾਤਾ ਹੈ (ਧਰਤੀ ਦੇ ਪੇਟ ਵਿਚ ਪਾਣੀ ਜਾਣ ਨਾਲ ਹੀ ਧਰਤੀ 'ਚੋਂ ਬਨਸਪਤੀ ਤੇ ਹੋਰ ਕਈ ਪਦਾਰਥ ਉਪਜਦੇ ਹਨ, ਜਿਵੇਂ ਮਾਤਾ ਪਿਤਾ ਦੀ ਰਕਤ ਬੂੰਦ ਤੋਂ ਬੱਚੇ ਦਾ ਜਨਮ ਹੁੰਦਾ ਹੈ। ਇਸ ਲਈ ਠੀਕ ਹੀ ਵੱਡੀ (ਉੱਤਮ) ਮਾਤਾ ਹੈ ਤੇ ਪਾਣੀ ਪਿਤਾ ਹੈ)।

ਦਿਨ ਤੇ ਰਾਤ ਦੋਵੇਂ ਖਿਡਾਵੀ ਤੇ ਖਿਡਾਵਾ ਹਨ, ਜਿਨ੍ਹਾਂ ਦੀ ਗੋਦ ਵਿਚ ਸਾਰਾ ਜਗਤ ਮਾਨੋਂ ਖੇਡ ਰਿਹਾ ਹੈ ਅਰਥਾਤ ਜੀਵਨ-ਖੇਡ ਖੇਡ ਰਿਹਾ ਹੈ, ਚੰਗੀ ਜਾਂ ਮੰਦੀ :

ਅੱਗੇ, ਹਰੀ ਹਜ਼ੂਰੀ ਵਿਚ, ਧਰਮਰਾਜ ਸਭ ਚੰਗੇ ਮੰਦੇ ਜੀਵਾਂ ਦੇ ਚੰਗੇ ਮੰਦੇ ਕਰਮਾਂ ਦੀ ਪੜਤਾਲ ਕਰਦਾ ਹੈ,

ਅਤੇ ਜੀਵਾਂ ਦੇ ਆਪਣੇ ਆਪਣੇ ਕਰਮਾਂ ਅਨੁਸਾਰ ਕਈ ਜੀਵ ਪਰਮਾਤਮਾ ਦੇ ਨੇੜੇ ਹੋ ਜਾਂਦੇ ਹਨ ਤੇ ਕਈ ਉਸ ਤੋਂ ਦੂਰ ਸੁੱਟੇ ਜਾਂਦੇ ਹਨ (ਇਸ ਲਈ ਜੀਵਨ-ਖੇਡ ਖੇਡਦਿਆਂ ਬੜੇ ਸਾਵਧਾਨ ਹੋਣ ਦੀ ਜ਼ਰੂਰਤ ਹੈ)।

ਜਿਨ੍ਹਾਂ ਜੀਵਾਂ ਨੇ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫ਼ਲ ਕਰ ਗਏ ਹਨ;

ਹੇ ਨਾਨਕ, ਹਰੀ ਦਰ ਉਤੇ ਉਹ ਸੁਰਖ਼ਰੂ ਹੁੰਦੇ ਹਨ; ਸਗੋਂ ਕਈ ਹੋਰ ਜੀਵ ਵੀ ਉਹਨਾਂ ਦੇ ਨਾਲ ਅਰਥਾਤ ਉਹਨਾਂ ਦੀ ਸੰਗਤ ਕਰ ਕੇ, ਬਚ ਨਿਕਲਦੇ ਹਨ।

ਇਸ ਅੰਤਮ ਸਲੋਕ ਵਿਚ ਮਨੁੱਖਾ ਜੀਵਨ ਉਤੇ ਸਮੁੱਚੀ ਨਜ਼ਰ ਮਾਰੀ ਗਈ ਹੈ। ਇਸ ਨੂੰ ਇਕ ਖੇਡ ਦੇ ਤੌਰ ਤੇ ਪੇਸ਼ ਕੀਤਾ ਗਿਆ



Sri Satguru Jagjit Singh Ji eLibrary NamdhariElibrary@gmail.com

ਹੈ, ਜਿਸ ਵਿਚ ਸਾਰਾ ਜਗਤ ਰੱਬ ਦੀਆਂ ਰਹਿਮਤਾਂ ਨਾਲ ਭਰਪੂਰ ਦਿਖਾਇਆ ਗਿਆ ਹੈ–ਪਵਨ ਇਸ ਦਾ ਗੁਰੂ ਹੈ, ਪਾਣੀ ਪਿਤਾ ਹੈ, ਧਰਤੀ ਮਾਤਾ ਹੈ; ਦਿਨ ਰਾਤ ਖਿਡਾਵੀ ਤੇ ਖਿਡਾਵਾ ਹਨ। ਇਸ ਤਰ੍ਹਾਂ ਦੇਸ਼ ਕਾਲ ਦੀਆਂ ਹੱਦਾਂ ਵਿਚ ਖੇਡਦੇ ਹਰ ਜੀਵ ਤੋਂ ਆਸ ਕੀਤੀ ਗਈ ਹੈ ਕਿ ਉਹ ਇਸ ਖੇਡ ਨੂੰ ਇਸ ਦੇ ਨਿਯਮਾਂ ਅਧੀਨ ਰਹਿ ਕੇ ਤੋਰੇ। ਉਸ ਨੂੰ ਖ਼ਬਰਦਾਰ ਕੀਤਾ ਗਿਆ ਹੈ ਕਿ ਹਰੀ ਦੀ ਦਰਗਾਹ ਵਿਚ ਹਰ ਕਿਸੇ ਦੀ ਖੇਡ ਉਤੇ ਕੜੀ ਨਿਗਰਾਨੀ ਹੁੰਦੀ ਹੈ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਨੂੰ ਜ਼ਿਮੇਂਵਾਰ ਠਹਿਰਾਇਆ ਜਾਂਦਾ ਹੈ ਤੇ ਲੇਖਾ ਦੇਣਾ ਪੈਂਦਾ ਹੈ। ਅੰਤਲੀ ਸਤਰ ਵਿਚ ਨਾਮ ਦੀ ਮਹਿਮਾ ਹੈ ਜੋ ਅਧਿਆਤਮਕ ਜੀਵਨ ਉਪਜਾ ਕੇ ਸਭ ਲੇਖਿਆਂ ਤੋਂ ਮੁਕਤ ਹੀ ਕਰਾ ਦਿੰਦਾ ਹੈ :–

"ਹਿਰਦੈ ਨਾਮੁ ਨਾਹੀ ਮਨਿ ਭੰਗੁ ॥
ਅਨਦਿਨੁ ਨਾਲਿ ਪਿਆਰੇ ਸੰਗੁ ॥"
(ਆਸਾ ਮਹਲਾ ੧)

# ਜਪੁ ਜੀ ਸਾਹਿਬ ਦੀਆਂ ਲੋਰੀਆਂ

## ਵਿਚ ਪਲਣ ਵਾਲੇ ਮੁੱਖ ਉੱਜਲੇ ਬੱਚੇ

ਅੰਮ੍ਰਿਤ ਵੇਲੇ ਉਠ ਕੇ ਜਪੁ ਜੀ ਸਾਹਿਬ ਦਾ ਪਾਠ ਕਰਨ ਵਾਲੀਆਂ ਮਾਵਾਂ ਕਿਸ ਪ੍ਰਕਾਰ ਦੇ ਬੱਚਿਆਂ ਨੂੰ ਜਨਮ ਦਿਤਾ ਕਰਦੀਆਂ ਹਨ ਇਸ ਗੱਲ ਦੀ ਇਕ ਮਿਸਾਲ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਸਨ। ਮਾਸਟਰ ਜੀ ਦਾ ਜਨਮ ਪਛਮੀ ਪਾਕਿਸਤਾਨ ਦੇ ਜ਼ਿਲ੍ਹਾ ਰਾਵਲਪਿੰਡੀ ਦੇ ਇਕ ਪਿੰਡ 'ਹਰਿਆਲ' ਵਿਚ ਹੋਇਆ ਸੀ। ਆਪ ਦੇ ਮਾਤਾ ਜੀ ਅਨਪੜ੍ਹ ਸਨ। ਉਹਨਾਂ ਦੇ ਚੰਗੇ ਭਾਗਾਂ ਨੂੰ ਉਹਨਾਂ ਦੇ ਪਿੰਡ ਵਿਚ ਇਕ ਸਿੱਖ ਧਰਮਸ਼ਾਲਾ ਸੀ। ਪਿੰਡ ਵਿਚ ਪ੍ਰਤੀ ਦਿਨ ਪ੍ਰਸ਼ਾਦੇ ਲਈ ਆਉਣ ਵਾਲੇ ਧਰਮਸ਼ਾਲਾਵਾਂ ਦੇ ਗ੍ਰੰਥੀ ਭਾਈ ਅਰਜਨ ਸਿੰਘ ਪਾਸੋਂ ਮਾਤਾ ਜੀ ਨੇ ਘਰ ਬੈਠਿਆਂ ਜਿਥੇ ਜਪੁਜੀ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਸਾਰਾ ਪਾਠ ਯਾਦ ਕੀਤਾ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਸ਼ਬਦ ਵੀ ਯਾਦ ਕੀਤੇ। ਮਾਤਾ ਜੀ ਨੇ ਧਰਮਸਾਲਾ ਦੇ ਗ੍ਰੰਥੀ ਨੂੰ ਕਿਹਾ ਹੋਇਆ ਸੀ ਕਿ ਜਿਹੜਾ ਮੁਸਾਫਰ ਰਾਤ ਕੱਟਣ ਤੇ ਪਰਸ਼ਾਦਾ ਛਕਣ ਧਰਮਸਾਲਾ ਆਵੇ ਉਸ ਨੂੰ ਉਹ ਉਹਨਾਂ ਦੇ ਘਰ ਭੇਜ ਦਿਤਾ ਕਰਨ। ਮਾਤਾ ਜੀ ਮੁਸਾਫਰਾਂ ਲਈ ਆਪਣੇ ਘਰ ਵਿਚ ਬਹੁਤ ਸਾਫ਼ ਸੁਥਰੇ ਬਿਸਤਰੇ ਰਖਿਆ ਕਰਦੇ ਸਨ। ਪਿੰਡਾਂ ਦੇ ਮੁਸਾਫ਼ਰ ਪਰਸ਼ਾਦਾ ਵੀ ਮਾਸਟਰ ਜੀ ਦੇ ਘਰ ਛਕਿਆ ਕਰਦੇ ਸਨ ਤੇ ਸੌਂਇਆਂ ਵੀ ਉਹਨਾਂ ਦੇ ਘਰ ਹੀ ਕਰਦੇ ਸਨ। ਆਪਣੇ ਪਿੰਡ ਦੀਆਂ ਵਿਧਵਾ ਇਸਤਰੀਆਂ ਨੂੰ ਮਾਤਾ ਜੀ ਆਟੇ ਦਾਣੇ ਦੀ ਸਹਾਇਤਾ ਦਿਤਾ ਕਰਦੇ ਸਨ। ਪਰ ਉਸ ਸਹਾਇਤਾ ਦੇ ਬਦਲੇ ਉਹ ਉਹਨਾਂ ਪਾਸੋਂ ਕੰਮ ਨਹੀਂ ਲਿਆ ਕਰਦੇ ਸਨ, ਭਾਵੇਂ ਉਹ ਆਪਣੇ ਹੱਥਾਂ ਨਾਲ ਪ੍ਰਤੀ ਦਿਨ ਸਾਰੇ ਟੱਬਰ ਦਾ ਆਟਾ ਚੱਕੀ ਨਾਲ ਆਪ ਪੀਸਿਆ ਕਰਦੇ ਸਨ। ਮਾਸਟਰ ਜੀ ਦੇ ਭਰਾ ਪ੍ਰਿੰਸੀਪਲ ਨਿਰੰਜਨ ਸਿੰਘ ਦੇ ਨੌਕਰ ਹੋ ਜਾਣ ਉਤੇ ਉਹਨਾਂ ਦੇ ਮਾਤਾ ਜੀ ਪਿੰਡ ਦੀਆਂ ਵਿਧਵਾ ਇਸਤਰੀਆਂ ਨੂੰ ਨਕਦ ਰੁਪਿਆਂ ਦੀ ਸਹਾਇਤਾ ਵੀ ਦੇਣ ਲੱਗ ਪਏ ਸਨ। ਉਹ ਆਪਣੇ ਬੱਚਿਆਂ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਸ਼ਬਦਾਂ ਦਾ ਪਾਠ ਕਰਨ ਮਗਰੋਂ ਹੇਠ ਲਿਖੇ ਸ਼ਬਦ ਨੂੰ ਪੜ੍ਹ ਕੇ ਸੌਂਇਆਂ ਕਰਦੇ ਸਨ :-

ਚਉਗਿਰਦ ਹਮਾਰੇ ਰਾਮਕਾਰ
ਦੁਖੁ ਲਗੈ ਨ ਭਾਈ ॥੧॥

ਤੇ ਆਪਣੇ ਬੱਚਿਆਂ ਨੂੰ ਕਿਹਾ ਕਰਦੇ ਸਨ ਕਿ ਹੁਣ ਸਾਡੇ ਘਰ ਵਿਚ ਰਾਤ ਨੂੰ ਕੋਈ ਚੋਰ ਨਹੀਂ ਆਵੇਗਾ। ਭੋਲੀ ਮਾਤਾ ਜੀ ਨੂੰ ਕੀ ਪਤਾ ਸੀ ਕਿ ਇਸ ਸ਼ਬਦ ਦੀ ਰਾਮਕਾਰ ਬੰਦੇ ਨੂੰ ਉਹਨਾਂ ਚੋਰਾਂ ਤੋਂ ਬਚਾਉਣ ਵਾਲੀ ਹੈ ਜਿਨ੍ਹਾਂ ਚੋਰਾਂ ਦਾ ਇਸ਼ਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਵਿਚ ਕੀਤਾ ਗਿਆ ਹੈ :



Sri Satguru Jagjit Singh Ji eLibrary NamdhariElibrary@gmail.com

ਇਸ ਦੇਹੀ ਅੰਦਰ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭ ਮੋਹ ਅਹੰਕਾਰਾ ॥

ਮਾਤਾ ਜੀ ਨੂੰ ਕੀ ਪਤਾ ਸੀ ਕਿ ਉਹਨਾਂ ਦੇ ਜਪੁ ਜੀ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸ਼ਬਦਾਂ ਦੇ ਪਾਠਾਂ ਦੇ ਪਰਛਾਵਿਆਂ ਦੇ ਹੇਠਾਂ ਪਿੰਡ ਦੀਆਂ ਗਰੀਬ ਵਿਧਵਾ ਇਸਤਰੀਆਂ ਨਾਲ ਵੰਡ ਛਕਣ ਤੇ ਪਿੰਡ ਨੂੰ ਆਉਣ ਵਾਲੇ ਅਤਿੱਥੀਆਂ ਦੀ ਮੰਜੇ ਬਿਸਤਰੇ ਦੀ ਸੇਵਾ ਦੇ ਵਾਤਾਵਰਨ ਵਿਚ ਪਲੇ ਹੋਏ ਉਹਨਾਂ ਦੇ ਪੁੱਤਰਾਂ ਵਿਚੋਂ ਇਕ ਪੁੱਤਰ ਮਾਸਟਰ ਤਾਰਾ ਸਿੰਘ ਅਜਿਹਾ ਵੀ ਹੋਵੇਗਾ ਜਿਹੜਾ ਆਪਣੇ ਉੱਚੇ ਆਦਰਸ਼ ਨਾਲ ਆਪਣੇ ਦੇਸ਼ ਭਾਰਤ ਦੇ ਸੱਭਿਆਚਾਰ ਨੂੰ ਸੰਸਾਰ ਭਰ ਵਿਚ ਚਮਕਾ ਸਕੇਗਾ । ਹੇਠ ਲਿਖੀ ਚਿੱਠੀ ਜਿਹੜੀ ਇਕ ਨੌਜਵਾਨ ਅਮਰੀਕਨ ਇਸਤਰੀ ਨੇ ਦੇਸ਼ ਦੀ ਵੰਡ ਤੋਂ ਬਹੁਤ ਸਾਲ ਪਹਿਲਾਂ ਜਦ ਮਾਸਟਰ ਜੀ ਭਰ ਜਵਾਨੀ ਵਿਚ ਸਨ, ਖਾਲਸਾ ਕਾਲਜ ਦੇ ਉਸ ਵੇਲੇ ਦੇ ਪ੍ਰੋਫੈਸਰ ਤੇਜਾ ਸਿੰਘ ਨੂੰ ਲਿਖੀ ਸੀ। ਇਸ ਤੋਂ ਪਤਾ ਲਗਦਾ ਹੈ ਕਿ ਮਾਸਟਰ ਜੀ ਆਪਣੀ ਮਾਤਾ ਜੀ ਤੋਂ ਕੈਸੇ ਸੰਸਕਾਰ ਲੈ ਕੇ ਵੱਡੇ ਹੋਏ ਸਨ। ਉਸ ਬੀਬੀ ਨੇ ਪ੍ਰੋਫੈਸਰ ਤੇਜਾ ਸਿੰਘ ਨੂੰ ਲਿਖਿਆ ਸੀ "ਮੈਂ ਬੰਬਈ ਤੋਂ ਤਿੰਨ ਦਿਨਾਂ ਤੇ ਦੋ ਰਾਤਾਂ ਵਿਚ ਰੇਲ ਦਾ ਇਕ ਸਫ਼ਰ ਤੁਹਾਡੇ ਲੀਡਰ ਮਾਸਟਰ ਤਾਰਾ ਸਿੰਘ ਦੇ ਨਾਲ ਰੇਲ ਦੇ ਇਕੋ ਡੱਬੇ ਵਿਚ ਕੀਤਾ ਜਿਸ ਸਾਰੇ ਸਫ਼ਰ ਵਿਚ ਰੇਲ ਦੇ ਉਸ ਡੱਬੇ ਵਿਚ ਕੋਈ ਤੀਜਾ ਮੁਸਾਫ਼ਰ ਨਾ ਆਇਆ, ਇਤਨੇ ਵੱਡੇ ਸਫ਼ਰ ਵਿਚ ਇਹ ਦੇਖ ਕੇ ਮੈਂ ਹੈਰਾਨ ਰਹਿ ਗਈ ਕਿ ਤੁਹਾਡੇ ਲੀਡਰ ਨੇ ਇਕ ਵਾਰੀ ਵੀ ਮੇਰੇ ਵੱਲ ਸਿੱਧੀ ਜਾਂ ਚੁਰਾਵੀਂ ਅੱਖ ਨਾਲ ਨਾ ਵੇਖਿਆ।" ਉਸ ਇਸਤਰੀ ਨੇ ਪ੍ਰੋਫੈਸਰ ਸਾਹਿਬ ਨੂੰ ਲਿਖਿਆ ਕਿ ਅਸੀਂ ਅਮਰੀਕਾ ਨਿਵਾਸੀ ਆਪਣੇ ਦੇਸ਼ ਵਿਚ ਸੁਣਿਆ ਕਰਦੇ ਹਾਂ ਕਿ ਭਾਰਤ ਦੇ ਇਤਿਹਾਸ ਵਿਚ ਇਕ ਲਛਮਣ ਜਤੀ ਹੋਇਆ ਹੈ ਪਰ



Sri Satguru Jagjit Singh Ji eLibrary NamdhariElibrary@gmail.com

ਤੁਹਾਡੇ ਲੀਡਰ ਦੇ ਇਸ ਅਦੁੱਤੀ ਮਾਨਸਿਕ ਸੰਜਮ ਦੇ ਗੁਣ ਨੂੰ ਦੇਖ ਕੇ ਤਾਂ ਇਹ ਪਤਾ ਲਗਦਾ ਹੈ ਕਿ ਤੁਹਾਡੇ ਦੇਸ਼ ਵਿਚ ਲਛਮਨ ਜਤੀ ਅਜੇ ਵੀ ਮੌਜੂਦ ਹਨ। ਮਾਸਟਰ ਜੀ ਦੇ ਮਨ ਨੂੰ ਇਤਨੀ ਪਵਿੱਤਰਤਾ ਦੇਣ ਵਾਲੇ ਜਪੁ ਜੀ ਸਾਹਿਬ ਦੇ ਹੇਠ ਲਿਖੇ ਸ਼ਬਦ ਸਨ :

੧. ਮਨਿ ਜੀਤੈ ਜਗੁ ਜੀਤੁ ॥
੨. ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥
੩. ਜਤੁ ਪਹਾਰਾ ਧੀਰਜੁ ਸੁਨਿਆਰ ॥
ਅਹਰਣਿ ਮਤਿ ਵੇਦੁ ਹਥੀਆਰੁ ॥
੪. ਮੰਨੈ ਜਮ ਕੈ ਸਾਥਿ ਨ ਜਾਇ ॥

ਇਨ੍ਹਾਂ ਸ਼ਬਦਾਂ ਵਿਚ ਮਨੁੱਖਾ ਜੀਵਨ ਦੀ ਉਸ ਜੁਗਤ ਦਾ ਇਸ਼ਾਰਾ ਮਿਲਦਾ ਹੈ ਜਿਹੜੀ ਜੁਗਤ ਬੰਦੇ ਨੂੰ ਨਾ ਕੇਵਲ ਆਪਣੇ ਆਪ ਨੂੰ ਸੰਜਮ ਵਿਚ ਰੱਖਣ ਦਾ ਰਾਹ ਦੱਸਦੀ ਹੈ ਬਲਕਿ ਉਸ ਨੂੰ ਪ੍ਰਾਣੀਆਂ ਦੀ ਸੇਵਾ ਤੇ ਉਪਕਾਰ ਵਿਚ ਜੁਟਾ ਕੇ ਉਸ ਦੇ ਮਨ ਨੂੰ ਅਜਿਹਾ ਰੁਝਿਆ ਹੋਇਆ ਤੇ ਪਵਿੱਤਰ ਕਰੀ ਰਖਦੀ ਹੈ ਕਿ ਉਹ ਉਨ੍ਹਾਂ ਪਾਪਾਂ ਤੇ ਸਮਾਜਿਕ ਅਪਰਾਧਾਂ ਤੋਂ ਬਚ ਜਾਂਦਾ ਹੈ ਜਿਹੜੇ ਬੰਦੇ ਨੂੰ ਭਿਆਨਕ ਰੋਗਾਂ ਵਿਚ ਫਸਾ ਕੇ ਉਸ ਨੂੰ ਬਿਨ ਆਈ ਮੌਤ ਵੀ ਮਾਰਿਆ ਕਰਦੇ ਹਨ ਤੇ ਜੇਹਲਾਂ ਤੇ ਫਾਂਸੀਆਂ ਦੀਆਂ ਸਜ਼ਾਵਾਂ ਵੀ ਦਿਵਾਇਆ ਕਰਦੇ ਹਨ। ਅਜਿਹੇ ਮੰਦੇ ਜੀਵਨ ਨੂੰ ਉਹ ਬੰਦੇ ਬਿਤਾਇਆ ਕਰਦੇ ਹਨ ਜਿਨ੍ਹਾਂ ਨੂੰ ਮਨੁੱਖਾ ਜੀਵਨ ਦੀ ਇਸ ਮਹਾਨ ਜੁਗਤ ਦਾ ਪਤਾ ਨਹੀਂ ਲਗਿਆ ਹੁੰਦਾ।

## ਅੰਮ੍ਰਿਤ ਵੇਲੇ ਦੀ ਬਾਣੀ ਜਪੁ ਜੀ ਸਾਹਿਬ

ਜਪੁ ਜੀ ਸਾਹਿਬ ਸਿੱਖ ਧਰਮ ਦੀ ਨਿੱਤਨੇਮ ਦੀ ਪਹਿਲੀ



Sri Satguru Jagjit Singh Ji eLibrary NamdhariElibrary@gmail.com

ਬਾਣੀ ਹੈ। ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵੇਲੇ ਵੀ ਸਭ ਤੋਂ ਪਹਿਲਾਂ ਇਸੇ ਬਾਣੀ ਦਾ ਪਾਠ ਹੁੰਦਾ ਹੈ। ਗੁਰੂ ਸਾਹਿਬ ਦੀਆਂ ਜਨਮ ਸਾਖੀਆਂ ਤੇ ਹੋਰ ਜੀਵਨ ਬਿਰਤਾਂਤਾਂ ਤੋਂ ਸਪੱਸ਼ਟ ਹੈ ਕਿ ਸਾਰੇ ਹੀ ਗੁਰੂ ਸਾਹਿਬਾਨ ਅੰਮ੍ਰਿਤ ਵੇਲੇ ਉੱਠ ਕੇ ਸੋਚ-ਇਸ਼ਨਾਨ ਤੋਂ ਵਿਹਲਿਆਂ ਹੋ ਕੇ ਸਭ ਤੋਂ ਪਹਿਲਾਂ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰਦੇ ਤੇ ਇਸ ਤੋਂ ਪਿੱਛੋਂ ਹੋਰ ਸਿਮਰਨ ਅਭਿਆਸ ਵਿਚ ਜੁੜਦੇ ਤੇ ਕੀਰਤਨ ਆਦਿ ਕਰਦੇ ਜਾਂ ਸੁਣਦੇ ਸਨ। ਪਰਚੱਲਤ ਮਰਯਾਦਾ ਤੇ ਰਹਿਤਨਾਮਿਆਂ ਵਿਚ ਅੰਕਿਤ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਗੁਰੂ ਮਹਾਰਾਜ ਦੇ ਸਾਰੇ ਸਿੱਖਾਂ ਦਾ ਕਰਤੱਵ ਹੈ ਕਿ ਉਹ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਆਦਿ ਕਰ ਕੇ ਸਭ ਤੋਂ ਪਹਿਲਾਂ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਨਿੱਤਨੇਮ ਦੀ ਬਾਣੀ ਦੇ ਤੌਰ ਤੇ ਇਕ ਮਨ ਤੇ ਇਕ ਚਿੱਤ ਹੋ ਕੇ ਕਰਨ ਤੇ ਇਸ ਤੋਂ ਮਗਰੋਂ ਗੁਰ-ਮੰਤਰ ਦਾ ਅਭਿਆਸ ਆਦਿ ਕਰਨ। ਭਾਈ ਗੁਰਦਾਸ ਜੀ ਨੇ ਲਿਖਿਆ ਹੈ :-

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ ॥

ਅਰਥਾਤ—ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਦੁਆਰੇ, ਕਰਤਾਰਪੁਰ ਵਿਖੇ ਸ਼ਾਮ ਨੂੰ ਸੋਦਰ (ਰਹਿਰਾਸ) ਤੇ ਆਰਤੀ ਗਾਇਨ ਹੁੰਦੀ ਹੈ ਤੇ ਸਵੇਰੇ ਅੰਮ੍ਰਿਤ ਵੇਲੇ ਜਪੁ ਜੀ ਸਾਹਿਬ ਦਾ ਪਾਠ ਹੁੰਦਾ ਹੈ। ਗੁਰੂ ਸਾਹਿਬ ਨੇ ਆਪ ਵੀ 'ਨਾਮ' ਦੀ 'ਵਡਿਆਈ ਵੀਚਾਰ' ਦਾ ਵੇਲਾ 'ਅੰਮ੍ਰਿਤ ਵੇਲਾ' ਦੱਸਿਆ ਹੈ : ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਉਂਞ ਤਾਂ ਬਾਣੀ ਕਿਸੇ ਵੇਲੇ ਵੀ ਪੜ੍ਹੀਏ ਲਾਭ ਹੀ ਹੁੰਦਾ ਹੈ : "ਸਭੇ ਵਕਤ ਸਭੇ ਕਰ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥" ਪਰ ਮਨ ਦੀ ਬਿਰਤੀ ਹਰ ਵੇਲੇ ਇਕ ਸਾਰ ਕੰਮ ਨਹੀਂ ਕਰਦੀ। ਇਸ ਲਈ ਪੜ੍ਹਨ ਸੁਣਨ ਦਾ ਅਸਰ ਹਰ ਵੇਲੇ ਇਕੋ ਜਿਹਾ ਨਹੀਂ ਹੁੰਦਾ।



Sri Satguru Jagjit Singh Ji eLibrary

ਇਸ ਲਈ ਸਿੱਖ ਗੁਰੂ ਸਾਹਿਬਾਨ ਨੇ ਮਨੁੱਖ ਦੀ ਆਤਮਾ ਲਈ ਹਰ ਪ੍ਰਕਾਰ ਦੀ ਖ਼ੁਰਾਕ ਤਿਆਰ ਕੀਤੀ, ਨਾਲ ਇਹ ਵੀ ਯਤਨ ਕੀਤਾ ਕਿ ਖ਼ੁਰਾਕ ਅਜਿਹੇ ਵੇਲੇ ਮਿਲੇ ਕਿ ਉਸ ਦਾ ਵੱਧ ਤੋਂ ਵੱਧ ਲਾਭ ਹੋਵੇ। ਇਸ ਲਈ ਸਵੇਰੇ, ਸ਼ਾਮ ਤੇ ਰਾਤ ਲਈ ਜੋ ਬਾਣੀਆਂ ਨਿਯਤ ਕੀਤੀਆਂ ਗਈਆਂ ਹਨ ਉਹ ਖਿਆਲ, ਬੋਲੀ ਤੇ ਆਕਾਰ ਵਿਚ ਮਨ ਦੀਆਂ ਬਦਲਦੀਆਂ ਹਾਲਤਾਂ ਅਨੁਸਾਰ ਹਨ। ਜਪੁ ਜੀ ਸਾਹਿਬ ਵਰਗੀ ਵਿਚਾਰ-ਪ੍ਰਧਾਨ ਬਾਣੀ ਨੂੰ ਸਵੇਰ ਲਈ ਇਸ ਵਾਸਤੇ ਰੱਖਿਆ ਗਿਆ ਹੈ ਕਿਉਂਕਿ ਰਾਤ ਦੇ ਆਰਾਮ ਨਾਲ ਚਿੱਤ ਠੰਢਾ ਹੋ ਕੇ ਸਾਫ਼ ਹੋਇਆ ਹੁੰਦਾ ਹੈ। ਅੰਮ੍ਰਿਤ ਵੇਲੇ ਦਾ ਇਕਾਂਤਪਨ ਤੇ ਰਾਤ ਭਰ ਦੇ ਸਰੀਰ ਦੇ ਆਰਾਮ ਤੋਂ ਉਪਜਿਆ ਹੋਇਆ ਤਨ ਤੇ ਮਨ ਦਾ ਤਾਜ਼ਾ-ਪਨ ਡੂੰਘੀਆਂ ਵਿਚਾਰਾਂ ਲਈ ਜੁੜਨ ਵਿਚ ਸਹਾਈ ਹੁੰਦੇ ਹਨ। ਇਸ ਵੇਲੇ ਇਕ ਖ਼ਾਸ ਰਸ ਹੁੰਦਾ ਹੈ। ਗੁਰਬਾਣੀ ਵਿਚ ਇਸ ਵੇਲੇ ਦੀ ਕਈ ਥਾਈਂ ਮਹੱਤਤਾ ਦੱਸੀ ਗਈ ਹੈ ਜਿਵੇਂ :-

ਚਉਥੈ ਪਹਿਰ ਸੁਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥

ਅੰਮ੍ਰਿਤ ਵੇਲੇ ਨੂੰ ਹਰ ਮਜ਼ਹਬ ਦੇ ਈਸ਼ਵਰ-ਭਗਤ ਚੰਗਾ ਜਾਣ ਕੇ ਪਿਆਰਦੇ ਹਨ ਅਤੇ ਅਜਾਈਂ ਨਹੀਂ ਜਾਣ ਦਿੰਦੇ, ਮੁਸਲਮਾਨਾਂ ਦੀ ਧਰਮ-ਪੁਸਤਕ ਕੁਰਾਨ ਸ਼ਰੀਫ਼ ਵਿਚ ਲਿਖਿਆ ਹੈ :

"ਵ ਸਬਹੁ ਇਜ਼ਾ ਤਨੱਫ਼ਸ਼ ਵਕਲ
ਆਉਜ ਬਰੱਬ ਅਲਫਲਕ ਵਕਾਲਕਲ ਸੁਬਾਹ ॥"

ਜਿਸ ਦਾ ਭਾਵ ਹੈ ਕਿ ਰੱਬ ਇਸ ਵੇਲੇ ਦੀ ਸਹੁੰ ਖਾਂਦਾ ਹੈ।



Sri Satguru Jagjit Singh Ji eLibrary NamdhariElibrary@gmail.com

ਇਹ ਵਿਚਾਰਨ ਵਾਲੀ ਗੱਲ ਹੈ ਕਿ ਕੋਈ ਸਹੁੰ ਸਦਾ ਉਸ ਚੀਜ਼ ਦੀ ਹੀ ਖਾਂਦਾ ਹੈ ਜਿਸ ਨੂੰ ਉਹ ਵੱਡੀ ਤੇ ਪੂਜਣ ਯੋਗ ਸਮਝਦਾ ਹੋਵੇ। ਕੁਰਾਨ ਸ਼ਰੀਫ਼ ਦੀ ਇਸ ਤੁਕ ਅਨੁਸਾਰ ਰੱਬ ਇਸ ਵੇਲੇ ਨੂੰ ਸਭ ਤੋਂ ਉੱਚਾ ਵੇਲਾ ਸਮਝਦਾ ਹੈ, ਹਰ ਇਕ ਮਾਤਾ ਜਿਹੜੀ ਆਪਣੇ ਕਿਸੇ ਬੱਚੇ ਨੂੰ ਜਨਮ ਦਿੰਦੀ ਹੈ, ਆਪਣੇ ਬੱਚੇ ਦੇ ਭਵਿੱਖ ਬਾਰੇ ਉਸ ਦੀ ਇਕੋ ਇੱਛਿਆ ਇਹੋ ਹੀ ਹੋ ਸਕਦੀ ਹੈ ਕਿ ਉਸ ਦਾ ਬੱਚਾ ਅਜਿਹਾ ਜੀਵਨ ਬਤੀਤ ਕਰ ਸਕੇ ਜਿਹੜਾ ਨਾ ਕੇਵਲ ਨਿਰਵਿਘਨ ਹੋਵੇ ਬਲਕਿ ਚੜ੍ਹਦੀ ਕਲਾ ਵਾਲਾ ਵੀ। ਮਾਂ ਆਪਣੀ ਸੰਤਾਨ ਨੂੰ ਉਸ ਦੇ ਹੋਸ਼ ਸੰਭਾਲਣ ਦੇ ਸਮੇਂ ਤੋਂ ਲੈ ਕੇ ਉਸ ਨੂੰ ਅਜਿਹੀ ਸਿਖਿਆ ਦਿੰਦੀ ਰਹੇ ਜਿਹੜੀ ਉਸ ਨੂੰ ਮਨੁੱਖਾ ਜੀਵਨ ਵਿਚ ਆਉਣ ਵਾਲੇ ਵਿਘਨਾਂ ਤੋਂ ਵੀ ਬਚਾ ਸਕੇ ਤੇ ਚੜ੍ਹਦੀ ਕਲਾ ਵਾਲੇ ਪਾਸੇ ਵੀ ਤੋਰ ਸਕੇ। ਜਪੁ ਜੀ ਸਾਹਿਬ ਉਹ ਬਾਣੀ ਹੈ ਜਿਹੜੀ ਹਰ ਲੜਕੇ ਤੇ ਹਰ ਲੜਕੀ ਅਗੇ ਉਸ ਦੀ ਆਪਣੀ ਹੋਸ਼ ਸੰਭਾਲਣ ਵੇਲੇ ਰੱਖੀ ਜਾਣੀ ਚਾਹੀਦੀ ਹੈ। ਜਿਹੜੇ ਮਾਪੇ ਜੀਵਨ ਦੇ ਇਸ ਭੇਦ ਨੂੰ ਨਹੀਂ ਜਾਣਦੇ ਉਹ ਆਪਣੇ ਸੰਤਾਨ ਦੇ ਭਵਿੱਖ ਬਾਰੇ ਨਾ ਇਸ ਗੱਲ ਦਾ ਭਰੋਸਾ ਕਰ ਸਕਦੇ ਹਨ ਕਿ ਉਹਨਾਂ ਦੇ ਬੇਟੇ ਬੇਟੀਆਂ ਮਨੁੱਖਾ ਜੀਵਨ ਦੇ ਉਹਨਾਂ ਵਿਘਨਾਂ ਤੋਂ ਬਚ ਸਕਣਗੇ ਜਿਨ੍ਹਾਂ ਵਿਚ ਸੰਸਾਰ ਦੇ ਧਰਮ ਦੇ ਗਿਆਨ ਤੋਂ ਸਖਣੇ ਮਨੁੱਖ ਪੈਂਦੇ ਦਿਖਾਈ ਦਿੰਦੇ ਹਨ ਤੇ ਨਾ ਹੀ ਉਹ ਇਹ ਆਸ ਕਰ ਸਕਦੇ ਹਨ ਕਿ ਉਹਨਾਂ ਦੇ ਲੜਕੇ ਲੜਕੀਆਂ ਚੜ੍ਹਦੀ ਕਲਾ ਵਾਲੇ ਜੀਵਨ ਵਾਲੇ ਹੋਣਗੇ। ਜਿਸ ਬੰਦੇ ਨੇ ਆਪਣੇ ਮਨ ਨੂੰ ਕਾਬੂ ਵਿਚ ਰੱਖਣ ਦਾ ਕੋਈ ਗਿਆਨ ਪ੍ਰਾਪਤ ਨਾ ਕੀਤਾ ਹੋਵੇ, ਜਿਥੇ ਉਹ ਆਪਣੇ ਸਰੀਰ ਦੀਆਂ ਅਨੇਕਾਂ ਕਿਰਿਆਵਾਂ ਨਾਲ ਅਜਿਹੀਆਂ ਗਲਤੀਆਂ ਕਰ ਸਕਿਆ ਕਰਦਾ ਹੈ ਜਿਹੜੀਆਂ ਉਸ ਨੂੰ ਭਿਆਨਕ ਰੋਗਾਂ ਵਿਚ ਫਸਾ ਕੇ ਨਾ ਕੇਵਲ ਭਾਰੇ ਸਰੀਰਕ ਦੁੱਖਾਂ ਵਿਚ ਪਾ ਦੇਣ ਬਲਕਿ



Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਛੇਤੀ ਜਾਨੋਂ ਹੀ ਮਾਰ ਦੇਣ, ਉਥੇ ਉਹ ਆਪਣੇ ਸਰੀਰ ਦੀਆਂ ਕਈ ਅਜਿਹੀਆਂ ਹਰਕਤਾਂ ਵੀ ਕਰ ਸਕਿਆ ਕਰਦਾ ਹੈ, ਜਿਨ੍ਹਾਂ ਦੀਆਂ ਸਜ਼ਾਵਾਂ ਲੰਬੀਆਂ ਕੈਦਾਂ ਤੇ ਫ਼ਾਂਸੀਆਂ ਹੁੰਦੀਆਂ ਹਨ।

ਜਪੁ ਜੀ ਸਾਹਿਬ ਦੀ ਬਾਣੀ ਜਿਥੇ ਬੰਦੇ ਨੂੰ ਰੋਗ, ਜੇਹਲਾਂ ਤੇ ਫਾਂਸੀਆਂ ਤੋਂ ਬਚਣ ਲਈ ਮਨ ਨੂੰ ਕਾਬੂ ਵਿਚ ਰੱਖਣ ਦੀ ਸਿਖਿਆ ਦਿੰਦੀ ਹੈ ਓਥੇ ਉਹ ਬੰਦੇ ਨੂੰ ਅਕਲ, ਧਰਮ ਤੇ ਉਦਮ ਨਾਲ ਜੀਵਨ ਬਤੀਤ ਕਰ ਕੇ ਸੰਸਾਰ ਵਿਚ ਵੱਧ ਤੋਂ ਵੱਧ ਉੱਨਤੀ ਦੇ ਮਾਰਗ ਉਤੇ ਤੁਰਨ ਦੀ ਸਿਖਿਆ ਵੀ ਦਿੰਦੀ ਹੈ। ਜਿਹੜੀ ਮਾਂ ਚਾਹੁੰਦੀ ਹੈ ਕਿ ਉਸ ਦਾ ਬੱਚਾ ਆਪਣੀ ਹੋਸ਼ ਸੰਭਾਲਣ ਦੇ ਸਮੇਂ ਤੋਂ ਹੀ ਆਪਣਾ ਜੀਵਨ ਬਤੀਤ ਕਰਨ ਦਾ ਅਜਿਹਾ ਢੰਗ ਅਪਣਾਵੇ ਜਿਸ ਢੰਗ ਦੁਆਰਾ ਉਹ ਸੰਸਾਰ ਦੇ ਬੰਦਿਆਂ ਪਾਸੋਂ ਵੱਧ ਤੋਂ ਵੱਧ ਸਤਿਕਾਰ ਪ੍ਰਾਪਤ ਕਰਦਾ ਹੋਇਆ ਨਾ ਕੇਵਲ ਆਪ ਰੱਜ ਪੁੱਜ ਕੇ ਜੀਵੇ ਤੇ ਆਪਣੇ ਜੀਵਨ ਨਿਰਬਾਹ ਦੀਆਂ ਜ਼ਰੂਰੀ ਵਸਤਾਂ ਨੂੰ ਪਰਾਪਤ ਕਰਨ ਵਿਚ ਸਾਰਾ ਜੀਵਨ ਭਰ ਕਦੇ ਅਸਮਰਥ ਨਾ ਹੋਵੇ ਬਲਕਿ ਸੰਸਥਾ ਦੇ ਹੋਰਨਾਂ ਬੰਦਿਆਂ ਨੂੰ ਵੀ ਆਪਣੀ ਸੰਗਤ ਤੇ ਛੋਹ ਨਾਲ ਜੀਵਨ ਦੇ ਅਜਿਹੇ ਮਾਰਗ ਉਤੇ ਤੋਰਨ ਵਾਲਾ ਹੋਵੇ, ਉਸ ਮਾਂ ਦਾ ਕਰਤੱਵ ਬਣਦਾ ਹੈ ਕਿ ਉਹ ਮਨੁੱਖ ਨੂੰ ਹੇਠ ਲਿਖਿਆ ਜੀਵਨ ਬਖ਼ਸ਼ਣ ਦਾ ਵਾਅਦਾ ਕਰਨ ਵਾਲੀ ਬਾਣੀ ਜਪੁ ਜੀ ਸਾਹਿਬ ਦਾ ਪਾਠ ਕਰਨ ਦੀ ਆਦਤ ਉਸ ਦੇ ਹੋਸ਼ ਸੰਭਾਲਣ ਦੇ ਵੇਲੇ ਤੋਂ ਉਸ ਨੂੰ ਪਾਵੇ।

(ਪ੍ਰਿੰਸੀਪਲ ਪ੍ਰਕਾਸ਼ ਸਿੰਘ, ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ)

"ਮੰਨੈ ਤਰੈ ਤਾਰੇ ਗੁਰਸਿਖ ॥
ਮੰਨੈ ਨਾਨਕ ਭਵਹਿ ਨ ਭਿਖ ॥"

... ... ...



Sri Satguru Jagjit Singh Ji eLibrary NamdhariElibrary@gmail.com

"ਪੰਚ ਪਰਵਾਣ ਪੰਚ ਪਰਧਾਨ ॥
ਪੰਚੇ ਪਾਵਹਿ ਦਰਗਹਿ ਮਾਨ ॥"

... ... ...

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

# ਤੀਰਥ-ਯਾਤਰਾ

ਤੀਰਥ-ਯਾਤਰਾ ਦਾ ਪੁੰਨ ਫਲ ਧਰਮ ਸ਼ਾਸਤਰਾਂ ਵਿਚ ਪੈਰ ਪੈਰ ਤੇ ਭਰਿਆ ਪਿਆ ਹੈ। ਮਨੁੱਖ ਦੇ ਮਨ ਨੂੰ ਪਾਪਾਂ ਅਰਥਾਤ ਖੋਟੇ ਕਰਮਾਂ ਵੱਲ ਲੈ ਜਾਣ ਵਾਲੀਆਂ ਮਨੁੱਖ ਦੇ ਮਨ ਦੀਆਂ ਜਿਹੜੀਆਂ ਖੋਟੀਆਂ ਬਿਰਤੀਆਂ ਹੁੰਦੀਆਂ ਹਨ ਉਹਨਾਂ ਬਿਰਤੀਆਂ ਦਾ ਤੀਰਥਾਂ ਦੀ ਯਾਤਰਾ ਤੇ ਤੀਰਥਾਂ ਦੇ ਦਰਸ਼ਨ ਕਰਨ ਨਾਲ ਨਾਸ਼ ਹੋਣ ਲਗਦਾ ਹੈ। ਬੰਦਾ ਉਹਨਾਂ ਖੋਟੀਆਂ ਬਿਰਤੀਆਂ ਨੂੰ ਮਨ ਵਿਚੋਂ ਕੱਢਣ ਦਾ ਯਤਨ ਕਰਨ ਲਗ ਪੈਂਦਾ ਹੈ ਤੇ ਪੁੰਨ, ਦਾਨ ਨੇਕ ਕੰਮਾਂ ਵੱਲ ਲੈ ਜਾਣ ਵਾਲੀਆਂ ਬਿਰਤੀਆਂ ਤੇ ਨੇਕ ਕੰਮਾਂ ਨੂੰ ਆਪਣੇ ਮਨ ਵਿਚ ਥਾਂ ਦੇ ਕੇ ਉਹਨਾਂ ਨੂੰ ਵਧਾਉਣ ਲੱਗ ਪੈਂਦਾ ਹੈ। ਚੰਗੀਆਂ ਬਿਰਤੀਆਂ ਨੂੰ ਮਨ ਵਿਚ ਵੱਧ ਤੋਂ ਵੱਧ ਥਾਂ ਦੇਣ ਵਾਲੇ ਬੰਦੇ ਦੇ ਯਤਨ ਉਸ ਦੇ ਜੀਵਨ ਨੂੰ ਅਨੇਕ ਪ੍ਰਕਾਰ ਦੇ ਵਿਘਨਾਂ ਤੋਂ ਬਚਾਉਣ, ਸੁੱਖ ਸ਼ਾਂਤੀ ਵੱਲ ਲੈ ਜਾਣ ਵਾਲੇ ਤੇ ਸਫ਼ਲਤਾ ਦੇ ਰਾਹ ਤੇ ਤੋਰਨ ਵਾਲੇ ਹੁੰਦੇ ਹਨ। ਤੀਰਥ ਯਾਤਰਾ ਦਾ ਫਲ ਦੱਸਦਿਆਂ ਕਿਹਾ ਗਿਆ ਹੈ ਕਿ ਜਿਸ ਤਰ੍ਹਾਂ ਖੇਤੀ ਦਾ ਫਲ ਅੰਨ ਦੀ ਪੈਦਾਵਾਰ ਹੈ, ਉਸੇ ਤਰ੍ਹਾਂ ਪਾਪਾਂ ਵਾਲੇ ਪਾਸੇ ਮਨ ਨੂੰ ਲੈ ਜਾਣ ਵਾਲੀਆਂ ਬਿਰਤੀਆਂ ਤੋਂ ਛੁਟਕਾਰਾ ਪਾ ਕੇ ਪਵਿੱਤਰ ਤੇ ਕੋਮਲ ਹਿਰਦੇ ਵਾਲਾ ਬਣ ਜਾਣਾ ਹੀ ਤੀਰਥ ਯਾਤਰਾ ਦਾ ਫਲ ਹੈ। ਮਾਰਚ ੧੯੭੬ ਵਿਚ ਮਦਰਾਸ ਸ਼ਹਿਰ ਵਿਚ ਹਿੰਦੂ



Sri Satguru Jagjit Singh Ji eLibrary NamdhariElibrary@gmail.com

ਧਰਮ ਦੀ ਕਾਨਫਰੰਸ ਹੋਈ ਸੀ ਜਿਸ ਵਿਚ ਸੰਸਾਰ ਦੇ ਸਾਰੇ ਦੇਸ਼ਾਂ ਵਿਚੋਂ ਹਿੰਦੂ ਧਰਮ ਦੇ ਪ੍ਰਤੀਨਿਧ ਸ਼ਾਮਲ ਹੋਏ ਸਨ। ਉਸ ਕਾਨਫ੍ਰੰਸ ਵਿਚ ਭਾਰਤ ਦੇ ਇਕ ਮੱਠ ਦੇ ਸ਼ੰਕਰਾਚਾਰੀਆ ਨੇ ਹੇਠ ਲਿਖੇ ਸ਼ਬਦ ਕਹੇ ਸਨ : ਹਰ ਹਿੰਦੂ ਨੂੰ ਉਸ ਦੇ ਉਹਨਾਂ ਧਾਰਮਿਕ ਕਰਤੱਵਾਂ ਦਾ ਗਿਆਨ ਦਿਤਾ ਜਾਣਾ ਜ਼ਰੂਰੀ ਹੈ ਜਿਹੜੇ ਉਸ ਲਈ ਦਿਨ ਪ੍ਰਤੀ ਪੂਰੇ ਕਰਨੇ ਜ਼ਰੂਰੀ ਹੁੰਦੇ ਹਨ। ਜਿਹੜਾ ਬੰਦਾ ਆਪਣੇ ਧਾਰਮਿਕ ਕਰਤੱਵਾਂ ਨੂੰ ਪ੍ਰਤੀ ਦਿਨ ਪੂਰਾ ਕਰਨ ਵਾਲਾ ਹੋਵੇਗਾ ਉਸ ਦੇ ਮਨ ਉਤੇ ਧਰਮ ਦੇ ਨਿਯਮਾਂ ਦਾ ਪ੍ਰਭਾਵ ਦਿਨ-ਪ੍ਰਤੀ-ਦਿਨ ਪੱਕਾ ਹੁੰਦਾ ਜਾਵੇਗਾ। ਉਸ ਦੇ ਅਜਿਹੇ ਦਿਨ ਪ੍ਰਤੀ ਦਿਨ ਧਾਰਮਿਕ ਜੀਵਨ ਦਾ ਕੁਦਰਤੀ ਸਿੱਟਾ ਇਹ ਨਿਕਲੇਗਾ ਕਿ ਉਹ ਸਮਾਜ ਦੀ ਮਰਯਾਦਾ ਨੂੰ ਪਾਲਦਾ ਹੋਇਆ ਅਜਿਹਾ ਜੀਵਨ 'ਗੁਜ਼ਾਰੇਗਾ' ਜਿਹੜਾ ਹੋਰਨਾਂ ਦੇ ਸੁੱਖ ਸ਼ਾਂਤੀ ਵਿਚ ਕੋਈ ਵਿਘਨ ਪਾਉਣ ਵਾਲਾ ਨਾ ਹੋਵੇ, ਸਗੋਂ ਹੋਰਨਾਂ ਨੂੰ ਸੁੱਖ ਪੁਚਾਉਣ ਵਾਲਾ ਜੀਵਨ ਹੋਵੇ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਤਰਾ ਨੂੰ ਆਉਣ ਵਾਲੇ ਸੱਜਣਾਂ ਅੱਗੇ ਬੇਨਤੀ ਹੈ ਕਿ ਗੁਰਸਿਖ ਦੇ ਪ੍ਰਤੀ ਦਿਨ ਦੇ ਧਾਰਮਿਕ ਕਰਤੱਵਾਂ ਨਾਲ ਸੰਬੰਧ ਰੱਖਣ ਵਾਲੇ ਇਸ਼ਤਿਹਾਰ ਪਿੰਗਲਵਾੜੇ ਦੇ ਪਰਚਾਰ ਅਡਿਆਂ ਤੋਂ ਮੁਫਤ ਪਰਾਪਤ ਕਰਨ ਜਿਹੜੇ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਦੋ ਥਾਵਾਂ ਤੇ ਲੱਗੇ ਹੋਏ ਹਨ, ਇਕ ਘੰਟਾ ਘਰ ਵਾਲੀ ਪਹਿਲੀ ਡਿਉੜੀ ਤੋਂ ਬਾਹਰ ਤੇ ਇਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਲਾਗੇ ਦੇ ਜੋੜਾ ਘਰ ਦੇ ਸਾਹਮਣੇ। ਇਕ ਗੁਰਸਿਖ ਦੇ ਪ੍ਰਤੀ ਦਿਨ ਦੇ ਕਰਤੱਵਾਂ ਨੂੰ ਭਾਈ ਗੁਰਦਾਸ ਜੀ ਦੇ ਉਸ ਵਾਕ ਵਿਚ ਬਿਆਨ ਕੀਤਾ ਗਿਆ ਹੈ ਜਿਸ ਦੀ ਪਹਿਲੀ ਪੰਗਤੀ ਹੇਠ ਲਿਖੀ ਹੈ :

ਗੁਰਸਿਖ ਭਲਕੇ ਉਠਿ ਕਰਿ ਅੰਮ੍ਰਿਤ ਵੇਲੇ ਸਰੁ ਨਾਵੰਦਾ ॥
ਗੁਰੂ ਕੇ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ॥

---



Sri Satguru Jagjit Singh Ji eLibrary NamdhariElibrary@gmail.com

# ਕੇਂਦਰੀ ਤੀਰਥ ਅਸਥਾਨ
# ਦੁਨੀਆਂ ਦੇ ਬਚਾਅ ਦੇ ਜ਼ਾਮਨ

## ਭਾਰੇ ਡਰਾਂ ਨਾਲ ਜਿਊਣ ਦੇ ਹਾਲਾਤ ਪੈਦਾ ਕਰ ਚੁੱਕੇ ਹੋ ਦੇਸ਼ ਤੇ ਦੁਨੀਆਂ ਦੇ ਬੰਦਿਓ !

ਤੁਹਾਡੀ ਆਪਣੀ ਬੇ-ਸਮਝੀ ਨਾਲ ਧਰਤੀ, ਹਵਾ ਤੇ ਪਾਣੀ ਦੀ ਬਰਬਾਦੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ ਜਿਸ ਦੇ ਕਾਰਣ ਪ੍ਰਾਣੀ-ਮਾਤਰ ਦਾ ਜੀਵਨ ਭਾਰੇ ਖ਼ਤਰਿਆਂ ਵਿਚ ਪੈਂਦਾ ਜਾ ਰਿਹਾ ਹੈ। ਜਿਤਨੀ ਬਰਬਾਦੀ ਧਰਤੀ, ਪਾਣੀ ਤੇ ਹਵਾ ਦੀ ਹੋ ਚੁੱਕੀ ਹੈ ਜਿਸ ਹਿਸਾਬ ਨਾਲ ਇਹ ਬਰਬਾਦੀ ਵਧਦੀ ਜਾ ਰਹੀ ਹੈ ਉਸ ਦਾ ਹਾਲ ਪੜ੍ਹਕੇ ਤਾਂ ਬੰਦਾ ਘਬਰਾ ਉੱਠਦਾ ਹੈ। ਜੇਕਰ ਇਸ ਆਬਾਦੀ ਨੂੰ ਛੇਤੀ ਤੋਂ ਛੇਤੀ ਨਾ ਰੋਕਿਆ ਗਿਆ ਤਾਂ ਇਨ੍ਹਾਂ ਤਿੰਨਾਂ ਸਾਧਨਾਂ ਦੀਇਹ ਤਬਾਹੀ ਇਤਨੀ ਵਧ ਜਾਵੇਗੀ ਕਿ ਮਨੁੱਖ ਜਾਤੀ ਦਾ ਜਿਊਣਾ ਅਸੰਭਵ ਹੋ ਜਾਵੇਗਾ। ਇਸ ਬਰਬਾਦੀ ਤੋਂ ਹਰ ਇਕ ਬੰਦੇ ਨੂੰ ਚਿੰਤਾਤੁਰ ਹੋ ਜਾਣਾ ਚਾਹੀਦਾ ਹੈ। ਮਨੁੱਖ ਜਾਤੀ ਲਈ ਅਨੇਕ ਪ੍ਰਕਾਰ ਦੇ ਖ਼ਤਰੇ ਪੈਦਾ ਹੁੰਦੇ ਰਿਹਾ ਕਰਦੇ ਹਨ । ਅਜਿਹੇ ਖ਼ਤਰੇ ਵੀ ਪੈਦਾ ਹੁੰਦੇ ਰਿਹਾ ਕਰਦੇ ਹਨ ਜਿਨ੍ਹਾਂ ਨੂੰ ਤੁਰੰਤ ਰੋਕਣ ਦੀ ਲੋੜ ਹੁੰਦੀ ਹੈ । ਕਿਸੇ ਦੇਸ਼ ਨੂੰ ਆਪਣੀ ਲਪੇਟ ਵਿਚ ਲੈਣ ਵਾਲਾ ਕੋਈ ਖ਼ਤਰਾ ਇਸ ਸੂਰਤ ਵਿਚ ਰੁਕ ਸਕਿਆ ਕਰਦਾ ਹੈ ਜੇਕਰ ਉਸ ਦੇਸ਼ ਦਾ ਇਕੱਲਾ ਇਕੱਲਾ ਬੰਦਾ ਉਸ ਨੂੰ ਰੋਕਣ ਲਈ ਚਿੰਤਾਤੁਰ ਹੋ ਜਾਵੇ ਤੇ ਪੂਰਾ ਯਤਨ ਵੀ ਕਰਨ ਲੱਗ ਜਾਵੇ । ਅਜਿਹਾ ਉਸ ਸੂਰਤ ਵਿਚ ਸੰਭਵ ਹੋ ਸਕਦਾ ਹੈ ਜੇਕਰ ਉਸ ਦੇ ਇਕੱਲੇ ਇਕੱਲੇ ਬੰਦੇ ਨੂੰ ਉਸ ਖ਼ਤਰੇ ਤੋਂ ਜਾਣੂ ਵੀ ਕਰਾਇਆ ਜਾਵੇ ਤੇ ਨਾਲ ਉਸ ਨੂੰ ਰੋਕਣ ਦਾ ਰਸਤਾ ਵੀ ਦਸਿਆ ਜਾਵੇ। ਅਜਿਹਾ ਉਹਨਾਂ ਥਾਵਾਂ ਤੇ ਹੀ ਹੋ ਸਕਦਾ ਹੈ, ਜਿਨ੍ਹਾਂ ਉਤੇ ਕਿਸੇ



Sri Satguru Jagjit Singh Ji eLibrary NamdhariElibrary@gmail.com

ਦੇਸ਼ ਦੇ ਵੱਧ ਤੋਂ ਵੱਧ ਬੰਦੇ ਆਉਂਦੇ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਰਿਦੁਆਰ ਜੈਸੇ ਤੀਰਥ ਅਸਥਾਨ ਦੇਸ਼ ਵਿਚ ਸਥਾਪਤ ਹੋਏ ਹਨ ਜਿਨ੍ਹਾਂ ਦੀ ਯਾਤਰਾ ਨੂੰ ਦੇਸ਼ ਦੇ ਕਰੋੜਾਂ ਬੰਦੇ ਤਰਸਦੇ ਰਹਿੰਦੇ ਹਨ ਤੇ ਹਜ਼ਾਰਾਂ ਬੰਦੇ ਪ੍ਰਤੀ-ਦਿਨ ਇਨ੍ਹਾਂ ਅਸਥਾਨਾਂ ਦੇ ਦਰਸ਼ਨਾਂ ਲਈ ਆਉਂਦੇ ਵੀ ਰਹਿੰਦੇ ਹਨ। ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਲਈ ਤਾਂ ਪ੍ਰਤੀ ਦਿਨ ਚੋਖੀ ਗਿਣਤੀ ਵਿਚ ਹੋਰਨਾਂ ਦੇਸ਼ਾਂ ਦੇ ਬੰਦੇ ਵੀ ਆਉਂਦੇ ਰਹਿੰਦੇ ਹਨ। ਫੇਰ ਇਹਨਾਂ ਤੀਰਥਾਂ ਤੇ ਸਾਲਾਨਾ ਜੋੜ ਮੇਲੇ ਵੀ ਹੁੰਦੇ ਹਨ ਜਿਨ੍ਹਾਂ ਵਿਚ ਲੱਖਾਂ ਬੰਦੇ ਸ਼ਾਮਲ ਹੁੰਦੇ ਹਨ। ਇਹਨਾਂ ਤੀਰਥਾਂ ਦੀ ਯਾਤਰਾ ਦੀ ਤਾਂਘ ਬਾਰਾਂ ਮਹੀਨੇ ਤੀਹ ਦਿਨ ਹੀ ਲੋਕਾਂ ਨੂੰ ਲੱਗੀ ਰਹਿੰਦੀ ਹੈ ਪਰ ਇਹਨਾਂ ਦੇ ਸਾਲਾਨਾ ਜੋੜ ਮੇਲਿਆਂ ਵਿਚ ਸ਼ਾਮਲ ਹੋਣ ਦਾ ਚਾਉ ਤਾਂ ਲੋਕਾਂ ਨੂੰ ਬਹੁਤ ਹੀ ਜ਼ਬਰਦਸਤ ਹੁੰਦਾ ਹੈ। ਸੋ ਇਹਨਾਂ ਤੀਰਥਾਂ ਤੇ ਆਉਣ ਵਾਲੇ ਯਾਤਰੂਆਂ ਰਾਹੀਂ ਹੀ ਦੇਸ਼ ਤੇ ਦੁਨੀਆਂ ਦੇ ਵੱਧ ਤੋਂ ਵੱਧ ਬੰਦਿਆਂ ਨੂੰ ਹਰ ਪ੍ਰਕਾਰ ਦੇ ਖਤਰਿਆਂ ਤੋਂ ਛੇਤੀ ਜਾਣੂ ਕਰਾਇਆ ਜਾ ਸਕਦਾ ਹੈ। ਜਿਸ ਬੰਦੇ ਨੇ ਆਪਣੇ ਜੀਵਨ ਨੂੰ ਭਾਰੇ ਚਾਵਾਂ ਨਾਲ ਦੇਸ਼ ਤੇ ਦੁਨੀਆਂ ਦੀਆਂ ਸਮੱਸਿਆਵਾਂ ਦੀ ਖੋਜ ਵਿਚ ਗੁਜ਼ਾਰਿਆ ਹੋਵੇ ਉਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹਰਿਦੁਆਰ ਦੇ ਤੀਰਥ ਅਸਥਾਨਾਂ ਤੇ ਖੜਾ ਹੋ ਕੇ ਹਰ ਇਕ ਯਾਤਰੀ ਨੂੰ ਦੇਸ਼ ਤੇ ਦੁਨੀਆਂ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਬਾਰੇ ਇਸ਼ਤਿਹਾਰ ਤੇ ਕਿਤਾਬਚੇ ਵੰਡ ਕੇ ਅਜਿਹਾ ਕਰ ਸਕਦਾ ਹੈ। ਮੇਰੇ ਤੇ ਵਾਹਿਗੁਰੂ ਦੀ ਅਪਾਰ ਕਿਰਪਾ ਹੋਈ ਹੈ ਕਿ ਮੈਂ ਆਪਣੇ ਬਚਪਨ ਦੇ ਸਮੇਂ ਵਿਚ ਭਾਰਤ ਦੇ ਉਹਨਾਂ ਮਹਾਂ ਪੁਰਸ਼ਾਂ ਦੀਆਂ ਕਹਾਣੀਆਂ ਸੁਣਦਾ ਹੋਇਆ ਵੱਡਾ ਹੋਇਆ ਜਿਨ੍ਹਾਂ ਨੇ ਪ੍ਰਾਣੀ-ਮਾਤਰ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਫਿਕਰ ਕੀਤਾ ਤੇ ਉਹਨਾਂ ਨੂੰ ਦੂਰ ਕਰਨ ਦਾ ਯਤਨ ਵੀ ਕੀਤਾ। ਉਹਨਾਂ ਸੰਸਕਾਰਾਂ ਦੀ ਪੂਰਤੀ ਲਈ ਮੈਂ



Sri Satguru Jagjit Singh Ji eLibrary NamdhariElibrary@gmail.com

੧੯੪੭ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਸ਼ਹਿਰ ਦੀਆਂ ਸ਼ਾਹੀ ਲਾਇਬਰੇਰੀਆਂ ਦੁਆਰਾ ਦੇਸ਼ ਤੇ ਦੁਨੀਆਂ ਦੀਆਂ ਹਰ ਪਰਕਾਰ ਦੀਆਂ ਸਮੱਸਿਆਵਾਂ ਦਾ ਗਿਆਨ ੨੪ ਕੁ ਸਾਲਾਂ ਦਾ ਸਮਾਂ ਪ੍ਰਾਪਤ ਕਰਦਾ ਰਿਹਾ। ਇਹ ਸਭ ਕੁਝ ਸਿੱਖ ਪੰਥ ਦੇ ਉਸ ਮਹਾਨ ਗੁਰਦੁਆਰੇ ਡੇਹਰਾ ਸਾਹਿਬ ਦੇ ਆਸਰੇ ਹੋਇਆ, ਨਹੀਂ ਤਾਂ ਮੇਰੀ ਆਪਣੀ ਗਰੀਬੀ ਵਿਚ ਮੈਂ ਅਜਿਹਾ ਨਹੀਂ ਕਰ ਸਕਦਾ ਸਾਂ। ਮੇਰੀ ਉਮਰ ਇਸ ਸਮੇਂ ੯੩ ਸਾਲ ਦੀ ਹੈ। ਸ੍ਰੀ ਦਰਬਾਰ ਸਾਹਿਬ ਦੀ ਛਤਰ-ਛਾਇਆ ਹੇਠ ਦੇਸ਼ ਤੇ ਦੁਨੀਆਂ ਦੀਆਂ ਸਮੱਸਿਆਵਾਂ ਦੀ ਖੋਜ ਕਰਨ ਦਾ ਮੇਰਾ ਇਹ ਚਾਉ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਵੀ ਉਸੇ ਤਰ੍ਹਾਂ ਪੂਰਾ ਹੁੰਦਾ ਰਿਹਾ ਜਿਸ ਤਰ੍ਹਾਂ ਇਹ ਲਾਹੌਰ ਸ਼ਹਿਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਆਸਰੇ ਪੂਰਾ ਹੁੰਦਾ ਰਿਹਾ ਸੀ। ਦੇਸ਼ ਤੇ ਦੁਨੀਆਂ ਦੀਆਂ ਹਰ ਪਰਕਾਰ ਦੀਆਂ ਸਮੱਸਿਆਵਾਂ ਨਾਲ ਸੰਬੰਧ ਰੱਖਣ ਵਾਲੇ ਮੇਰੇ ਛਾਪੇ ਹੋਏ ਇਸ਼ਤਿਹਾਰ ਤੇ ਕਿਤਾਬਚੇ ਸ੍ਰੀ ਦਰਬਾਰ ਸਾਹਿਬ ਦੀ ਘੰਟਾ ਘਰ ਵਾਲੀ ਡਿਉੜੀ ਦੇ ਬਾਹਰ ਵੀ ਵੰਡੇ ਜਾ ਰਹੇ ਹਨ ਤੇ ਦਰਬਾਰ ਸਾਹਿਬ ਦੀ ਹੱਦ ਅੰਦਰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਸਾਹਮਣੇ ਵੀ। ਦੇਸ਼ ਤੇ ਦੁਨੀਆਂ ਦੇ ਬੰਦਿਆਂ ਨੂੰ ਚਾਹੀਦਾ ਹੈ ਕਿ ਉਹ ਆਪ ਵੀ ਵੱਧ ਤੋਂ ਵੱਧ ਗਿਣਤੀ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਤਰਾ ਨੂੰ ਆਉਣ ਤੇ ਵੱਧ ਤੋਂ ਵੱਧ ਸੰਬੰਧੀਆਂ ਤੇ ਮਿੱਤਰਾਂ ਨੂੰ ਵੀ ਨਾਲ ਲੈ ਕੇ ਆਉਣ। ਗੁਰੂ ਕੇ ਸਿੱਖ ਬੜੇ ਭਾਗਾਂ ਵਾਲੇ ਹਨ ਜਿਹੜੇ ਆਪਣੇ ਧਰਮ ਦੇ ਤੀਰਥਾਂ ਨੂੰ ਸਦਾ ਆਪਣੇ ਮਨਾਂ ਵਿਚ ਵਸਾ ਕੇ ਰਖਦੇ ਹਨ ਤੇ ਦੋਨੋਂ ਵੇਲੇ ਗੁਰਬਾਣੀ ਦੇ ਨਿਤਨੇਮ ਦਾ ਪਾਠ ਕਰ ਕੇ ਅਰਦਾਸ ਕਰਦੇ ਹੋਏ ਇਹ ਸ਼ਬਦ ਪੜ੍ਹਦੇ ਹਨ:-ਦਾਨਾ ਸਿਰ ਦਾਨ, ਨਾਮ ਦਾਨ ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ। ਚੌਂਕੀਆਂ, ਝੂੰਡੇ ਬੂੰਗੇ ਜੁਗੋ ਜੁਗ ਅਟੱਲ।

----



Sri Satguru Jagjit Singh Ji eLibrary NamdhariElibrary@gmail.com

# ਪ੍ਰਾਰਥਨਾ ਸ਼ਕਤੀ ਹੈ

—ਅਲੈਕਸਿਸ ਕੈਰਲ

ਵਾਲਟੇਅਰ ਨੇ ਠੀਕ ਕਿਹਾ ਹੈ, "True prayer lies not in asking for a violation of natural law but in the acceptance of natural law as the unchangeable will of God." —Voltair

ਅਰਥਾਤ–"ਠੀਕ ਪ੍ਰਾਰਥਨਾ ਦਾ ਮਨੋਰਥ ਇਹ ਨਹੀਂ ਕਿ ਕਿਸੇ ਦੀਆਂ ਮੰਗਾਂ ਪੂਰੀਆਂ ਕਰਨ ਲਈ ਕੁਦਰਤ ਆਪਣੇ ਕਾਨੂੰਨਾਂ ਨੂੰ ਬਦਲ ਦੇਵੇ, ਸਗੋਂ ਇਹ ਹੈ ਕਿ ਉਹਨਾਂ ਨੂੰ ਉਸ ਦੀ ਅਟੱਲ ਰਜ਼ਾ ਸਮਝ ਕੇ ਉਹਨਾਂ ਦੇ ਸਾਹਮਣੇ ਸਿਰ ਝੁਕਾ ਦਿਤਾ ਜਾਏ।"

ਪ੍ਰਾਰਥਨਾ ਨਿਰੀ ਪੂਜਾ ਹੀ ਨਹੀਂ, ਇਹ ਮਨੁੱਖ ਦੀ ਪੂਜਾ ਭਾਵਨਾ ਦਾ ਅਣਦਿਸਦਾ ਵਹਿਣ ਵੀ ਹੈ। ਸ਼ਕਤੀ ਦਾ ਇਕ ਸਭ ਤੋਂ ਬਲਵਾਨ ਸਰੂਪ ਹੈ ਜਿਹੜਾ ਕਿ ਕੋਈ ਮਨੁੱਖ ਪੈਦਾ ਕਰ ਸਕੇ। ਜੇ ਤੁਸੀਂ ਸੱਚੇ ਦਿਲੋਂ ਉਪਜੀ ਪ੍ਰਾਰਥਨਾ ਨੂੰ ਆਦਤ ਹੀ ਬਣਾ ਲਓ, ਤਾਂ ਤੁਹਾਡਾ ਜੀਵਨ ਬੜੇ ਪਰਗਟ ਅਤੇ ਗਹਿਰੇ ਰੂਪ ਵਿਚ ਅਮੀਰ ਹੋ ਜਾਏਗਾ।

ਪ੍ਰਾਰਥਨਾ ਸ਼ਕਤੀ ਹੈ, ਇਹ ਓਨੀ ਹੀ ਸੱਚ ਹੈ ਜਿੰਨੀ ਧਰਤੀ ਦੀ ਕਸ਼ਿਸ਼ (ਖਿੱਚ) ਸੱਚ ਹੈ। ਡਾਕਟਰ ਦੀ ਹੈਸੀਅਤ ਵਿਚ, ਮੈਂ ਬੰਦਿਆਂ ਨੂੰ ਪ੍ਰਾਰਥਨਾ ਦੇ ਸ਼ਾਂਤੀ ਭਰੇ ਯਤਨ ਨਾਲ, ਰੋਗ ਅਤੇ ਉਦਾਸੀ 'ਚੋਂ ਨਿਕਲਦਿਆਂ ਦੇਖਿਆਂ ਹੈ; ਜਦੋਂ ਕਿ ਉਹਨਾਂ ਦੇ ਹੋਰ ਸਭ ਇਲਾਜ ਅਸਫ਼ਲ ਹੋ ਚੁੱਕੇ ਹੋਏ ਸਨ। ਅਜਿਹੀਆਂ ਘਟਨਾਵਾਂ ਨੂੰ ਕਰਾਮਾਤਾਂ ਆਖ ਦਿਤਾ ਜਾਂਦਾ ਹੈ ਪਰ ਕਰਾਮਾਤਾਂ ਤਾਂ ਲਗਾਤਾਰ



Sri Satguru Jagjit Singh Ji eLibrary NamdhariElibrary@gmail.com

ਤੇ ਚੁਪ ਕੀਤਿਆਂ ਹੀ ਹਰ ਘੜੀ ਵਾਪਰਦੀ ਰਹਿੰਦੀ ਹੈ, ਉਹਨਾਂ ਮਰਦ ਤੇ ਇਸਤ੍ਰੀਆਂ ਦੇ ਦਿਲਾਂ ਅੰਦਰ ਜਿਨ੍ਹਾਂ ਨੇ ਇਹ ਗੱਲ ਲੱਭ ਲਈ ਹੋਈ ਹੈ ਕਿ ਉਹਨਾਂ ਦੇ ਰੋਜ਼ਾਨਾ ਜੀਵਨ ਵਿਚ, ਪ੍ਰਾਰਥਨਾ ਉਹਨਾਂ ਨੂੰ ਜਿਉਂਦਾ ਰੱਖਣ ਵਾਲੀ ਸ਼ਕਤੀ ਦਾ ਲਗਾਤਾਰ ਵਹਾਓ ਬਖ਼ਸ਼ਦੀ ਰਹਿੰਦੀ ਹੈ। ਕਿੰਨੇ ਹੀ ਲੋਕਾਂ ਨੇ ਪ੍ਰਾਰਥਨਾ ਨੂੰ ਕੁਝ ਸ਼ਬਦਾਂ ਦੇ ਕੇਵਲ ਰਸਮੀ ਪੜ੍ਹ ਛੱਡਣ ਦੀ ਨਿਤ-ਕਿਰਿਆ ਸਮਝ ਛੱਡਿਆ ਹੋਇਆ ਹੈ, ਇਹ ਕਮਜ਼ੋਰਾਂ ਦਾ ਇਕ ਸਹਾਰਾ ਜਾਂ ਪਦਾਰਥਕ ਚੀਜ਼ਾਂ ਦੀ ਪ੍ਰਾਪਤੀ ਲਈ ਬੱਚਿਆਂ ਦੀ ਤਰ੍ਹਾਂ ਕੀਤੀ ਇਕ ਅਰਜ਼ੋਈ ਹੋ ਕੇ ਰਹਿ ਗਈ ਹੈ। ਜੇ ਇਸ ਨੂੰ ਠੀਕ ਅਰਥਾਂ ਵਿਚ ਸਮਝਿਆ ਜਾਵੇ ਤਾਂ ਪ੍ਰਾਰਥਨਾਂ ਇਕ ਪੱਕੀ (ਸੁਲਝੀ) ਹੋਈ ਕਿਰਿਆ ਹੈ ਜੋ ਸ਼ਖ਼ਸੀਅਤ ਦੇ ਪੂਰਨ ਵਿਕਾਸ ਲਈ ਲਾਜ਼ਮੀ ਹੈ। ਕੇਵਲ ਪ੍ਰਾਰਥਨਾ ਦੁਆਰਾ ਹੀ ਅਸੀਂ ਸਰੀਰ, ਮਨ ਅਤੇ ਆਤਮਾ ਦਾ ਸੰਪੂਰਨ ਤੇ ਮਿਲਵਾਂ ਜੋੜ ਪ੍ਰਾਪਤ ਕਰਦੇ ਹਾਂ ਜੋ ਇਸ ਕਮਜ਼ੋਰ ਮਨੁੱਖੀ ਬੂਟੇ ਨੂੰ ਅਟੁਟਵੀਂ ਸ਼ਕਤੀ ਦੇਂਦਾ ਹੈ।

ਕਿਵੇਂ ਪ੍ਰਾਰਥਨਾ ਸਾਨੂੰ ਇਤਨੀ ਹਰਕਤ-ਭਰੀ ਸ਼ਕਤੀ ਦੇ ਕੇ ਮਜ਼ਬੂਤ ਬਣਾਉਂਦੀ ਹੈ ? ਇਸ ਪ੍ਰਸ਼ਨ ਦਾ ਉੱਤਰ (ਜੋ ਵਿਗਿਆਨ ਦੇ ਘੇਰੇ ਤੋਂ ਬਾਹਰ ਮੰਨ ਲਿਆ ਗਿਆ ਹੈ) ਦੇਣ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਭ ਪ੍ਰਾਰਥਨਾਵਾਂ ਇਕ ਹੀ ਸਚਾਈ ਨੂੰ ਪਰਗਟ ਕਰਦੀਆਂ ਹਨ ਮਨੁੱਖੀ ਜੀਵ ਆਪਣੀ ਸੀਮਤ ਸ਼ਕਤੀ ਨੂੰ ਵਧਾਉਣ ਦੇ ਜਤਨ ਕਰਦੇ ਹਨ, ਸਭ ਸ਼ਕਤੀਆਂ ਦੇ ਉਸ ਅਸੀਮਤ ਭੰਡਾਰੇ ਦੀ ਤਰਫ਼ ਸੰਬੋਧਨ ਹੋ ਕੇ। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਅਸੀਂ ਆਪਣੇ ਆਪ ਨੂੰ ਜੋੜਦੇ ਹਾਂ, ਉਸ ਅਖੁਟ ਹਰਕਤ ਦਾਤਾ ਸ਼ਕਤੀ ਨਾਲ, ਜੋ ਸਾਰਾ ਸੰਸਾਰ ਕਤਦੀ (ਘੜਦੀ) ਰਹਿੰਦੀ ਹੈ। ਅਸੀਂ ਆਖਦੇ ਹਾਂ ਕਿ ਇਸ ਸ਼ਕਤੀ ਦਾ ਕੁਝ ਹਿੱਸਾ ਸਾਡੀਆਂ ਲੋੜਾਂ ਲਈ



Sri Satguru Jagjit Singh Ji eLibrary NamdhariElibrary@gmail.com

ਸਾਨੂੰ ਵੀ ਦਿੱਤਾ ਜਾਵੇ। ਇਸ ਤਰ੍ਹਾਂ ਆਖਦਿਆਂ ਹੋਇਆਂ ਵੀ ਸਾਡੇ ਮਨੁੱਖੀ ਘਾਟੇ ਪੂਰੇ ਹੋ ਜਾਂਦੇ ਹਨ ਅਤੇ ਅਸੀਂ ਤਕੜੇ ਤੇ ਸਾਬਤ ਹੋ ਕੇ ਉਠਦੇ ਹਾਂ।

ਆਪਣੀ ਸ਼ਖਸੀਅਤ ਸੱਚਮੁਚ ਘੜਨ ਲਈ ਪ੍ਰਾਰਥਨਾ ਨੂੰ ਇਕ ਆਦਤ ਬਣਾ ਲੈਣਾ ਚਾਹੀਦਾ ਹੈ। ਕੋਈ ਇਨਸਾਨ ਹਰ ਥਾਂ ਪ੍ਰਾਰਥਨਾਂ ਕਰ ਸਕਦਾ ਹੈ : ਗਲੀ, ਦਫਤਰ, ਸਕੂਲ ਵਿਚ, ਆਪਣੇ ਕਮਰੇ ਦੀ ਇਕਾਂਤ ਵਿਚ,ਗਿਰਜੇ ਵਿਚ। ਪ੍ਰਾਰਥਨਾ ਲਈ ਨਾ ਸਰੀਰ ਨੂੰ ਕਿਸੇ ਮਿਥੀ ਹੋਈ ਹਾਲਤ ਵਿਚ ਰਖਣਾ ਹੈ, ਨਾ ਇਸ ਲਈ ਮਿਥਿਆ ਸਮਾਂ ਹੈ, ਨਾ ਮਿਥਿਆ ਅਸਥਾਨ ਹੈ। ਪਰ ਇਸ ਗੱਲ ਦੇ ਕੋਈ ਅਰਥ ਨਹੀਂ ਕਿ ਸਵੇਰੇ ਤਾਂ ਪ੍ਰਾਰਥਨਾ ਕਰ ਲਈ ਤੇ ਬਾਕੀ ਦਾ ਦਿਨ ਹਬਸ਼ੀਆਂ ਦੀ ਤਰ੍ਹਾਂ ਗੁਜ਼ਾਰਿਆ। ਅਸਲ ਪ੍ਰਾਰਥਨਾ ਤਾਂ ਜੀਵਨ ਦੀ ਇਕ ਜੁਗਤੀ ਹੈ ਸਭ ਤੋਂ ਸੁੱਚੇ ਜੀਵਨ ਦੇ ਲਫਜ਼ੀ ਅਰਥ ਹੀ ਸਮਝੋ 'ਪ੍ਰਾਰਥਨਾ ਦੀ ਜੁਗਤੀ'।

ਅੱਜ ਧਾਰਮਿਕ ਸੋਝੀ ਉਤੇ ਜ਼ੋਰ ਦੇਣ ਦੀ ਥੁੜ੍ਹ ਨੇ ਦੁਨੀਆਂ ਨੂੰ ਤਬਾਹੀ ਦੇ ਕੰਢੇ ਤੇ ਲੈ ਆਂਦਾ ਹੋਇਆ ਹੈ। ਸ਼ਕਤੀ ਅਤੇ ਪੂਰਨਤਾ ਦਾ ਸਾਡਾ ਸਭ ਤੋਂ ਡੂੰਘਾ ਭੰਡਾਰ ਬੁਰੀ ਤਰ੍ਹਾਂ ਵਿਕਾਸ ਰਹਿਤ ਹਾਲਤ ਵਿਚ ਛੱਡ ਦਿੱਤਾ ਗਿਆ ਹੈ। ਪ੍ਰਾਰਥਨਾ ਜੋ ਸਾਡੀ ਰੂਹ ਦੀ ਬੁਨਿਆਦੀ ਖ਼੍ਵਾਹਿਸ਼ ਹੈ, ਦੀ ਅਮਲੀ ਮਸ਼ਕ ਮਨੁੱਖ ਅਤੇ ਕੌਮਾਂ ਨੂੰ ਸਰਗਰਮੀ ਨਾਲ ਕਰਨੀ ਚਾਹੀਦੀ ਹੈ। ਕਿਉਂਕਿ ਜੇ ਪ੍ਰਾਰਥਨਾ ਦੀ ਸ਼ਕਤੀ ਨੂੰ ਮੁੜ ਖੋਹਲ ਦਿੱਤਾ ਜਾਵੇ ਅਤੇ ਇਸ ਨੂੰ ਆਮ ਮਰਦ ਇਸਤਰੀਆਂ ਦੇ ਜੀਵਨ ਘੜਨ ਲਈ ਵਰਤਿਆ ਜਾਵੇ, ਤਾਂ ਅਜੇ ਵੀ ਆਸ ਹੈ ਕਿ ਵਧੇਰੀ ਚੰਗੀ ਦੁਨੀਆਂ ਲਈ ਸਾਡੀਆਂ ਕੀਤੀਆਂ ਪ੍ਰਾਰਥਨਾਵਾਂ ਸੁਣੀਆਂ ਜਾਣਗੀਆਂ।



Sri Satguru Jagjit Singh Ji eLibrary NamdhariElibrary@gmail.com

# PRAYER IS POWER

## By ALEXIS CARREL

Prayer is not only worship; is also an invisible emanation of man's, worshipping spirit—the most powerful form of energy that one can generate. If you make a habit of sincere prayer, your life will be very noticeably and profoundly enriched.

Prayer is a force as real as terrestrial gravity. As a doctor, I have seen men after all other therapy had failed, lifted out of disease and melancholy by the serene effort of prayer, Such occasions have been termed miracles. But a constant, quieter miracle takes place hourly in the hearts of men and women who have discovered that prayer supplies them with a steady flow of sustaining power in their daily lives.

Too many people regard prayer as a formalize routine of words, a refuge for weaklings or a childish petition for material things. Properly understood, prayer is a mature activity indispensable to the fullest development of personality. Only in prayer do we achieve that complete, harmonious assembly of body, mind and spirit which gives the frail human reed its unshakeble strength.

How does prayer fortify us with so much dynamic power? To answer this question (admittedly outside the jurisdiction of Science)



Sri Satguru Jagjit Singh Ji eLibrary NamdhariElibrary@gmail.com

I must point out that all prayers demonstrate the same truth : human beings seek to augment their finite energy by addressing themselves to the infinite source of all energy. When we pray, we link ourselves with the inexhaustible motive power that spins the universe. We ask that a part of this power be apportioned to our needs. Even in asking, our human deficiencies are filled, and we arise strengthened and repaired.

In order really to mould personality, prayer must become a habit. One can pray everywhere; in the street; the office, the school, the solitude of one's own room, in a church. There is no prescribed posture, time or place. But it is meaningless to pray in the morning and to live like barbarian the remainder of the day. True prayer is a way of life : the truest life is literally a way of prayer.

Today, lack of emphasis on the religious sense has brought the world to the edge of destruction, Our deepest source of power and perfection has been left miserably undeveloped. Prayer, the basic exercise of the spirit must be actively practised by men and nation. For if the power of prayer is again released and used in the lives of common men and women, there is yet hope that our prayer for a better world will be answered.

From the Reader's Digest; March 1963.



Sri Satguru Jagjit Singh Ji eLibrary NamdhariElibrary@gmail.com

# ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੋਂ ਸੇਧਾਂ

"ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ ॥"
(ਸੋਰਠਿ ਮਹਲਾ ੩)

ਅਰਥਾਤ–ਮਹਾਂ ਪੁਰਸ਼ ਆਪਣੀ ਸਿੱਖਿਆ ਤਾਂ ਕਿਸੇ ਬੰਦੇ ਜਾਂ ਬੰਦਿਆਂ ਦੇ ਸੰਬੰਧ ਵਿਚ ਹੀ ਦਿੰਦੇ ਹਨ, ਪਰ ਉਹ ਸਾਰੇ ਜਗਤ ਲਈ ਸਾਂਝੀ ਹੁੰਦੀ (ਤੇ ਹਰ ਸਮੇਂ ਲਈ ਹੁੰਦੀ) ਹੈ।

ਸੰਸਾਰ ਦਾ ਇਤਿਹਾਸ ਦੱਸਦਾ ਹੈ ਕਿ ਦੇਸ਼ਾਂ ਤੇ ਕੌਮਾਂ ਨੂੰ ਕਈ ਪ੍ਰਕਾਰ ਦੀਆਂ ਮੁਸੀਬਤਾਂ ਵਾਪਰਦੀਆਂ ਰਹੀਆਂ ਹਨ ਜਿਨ੍ਹਾਂ ਤੋਂ ਉਹਨਾਂ ਨੂੰ ਮਹਾਂ-ਪੁਰਸ਼ ਹੀ ਬਚਾਉਂਦੇ ਰਹੇ ਹਨ। ਸਿੱਖ ਗੁਰੂ ਸਾਹਿਬਾਨ ਨੇ ਵੀ ਭਾਰਤ ਨੂੰ ਜਾਗ੍ਰਤੀ ਦੇ ਕੇ ਕਈ ਮੁਸੀਬਤਾਂ ਤੋਂ ਬਚਣ ਲਈ ਤਿਆਰ ਕੀਤਾ ਸੀ–ਜਿਨ੍ਹਾਂ ਵਿਚੋਂ ਅਸੀਂ ਦੋ ਦਾ ਜ਼ਿਕਰ ਆਸਾਨੀ ਨਾਲ ਕਰ ਸਕਦੇ ਹਾਂ–ਇਕ ਬਾਹਰਲੇ ਹਮਲਾਵਰਾਂ ਨੂੰ ਠੱਲ੍ਹ ਪਾਉਣਾ ਤੇ ਇਕ ਮੁਗ਼ਲ ਸਾਮਰਾਜ ਤੋਂ ਖਲਾਸੀ ਦਿਵਾਉਣੀ। ਪਹਿਲੇ ਬਾਬਤ ਭਾਰਤ ਦੇ ਪ੍ਰਸਿੱਧ ਇਤਿਹਾਸਕਾਰ ਭਾਈ ਪਰਮਾਨੰਦ ਨੇ ਠੀਕ ਹੀ ਆਖਿਆ ਸੀ ਕਿ ਸਿੱਖ-ਪੰਥ ਨੇ ਭਾਰਤ ਉੱਤੇ ਇਕ ਉਚੇਚਾ ਅਹਿਸਾਨ ਇਹ ਕੀਤਾ ਹੈ ਕਿ ਇਸ ਨੇ ਕਾਬਲ ਵਲੋਂ ਆਉਣ ਵਾਲੇ ਗ਼ੈਰ-ਮੁਲਕੀ ਹਮਲਿਆਂ ਦੇ ਦਰਿਆ ਦੇ ਰੁਖ਼ ਨੂੰ ਉਲਟਾਅ ਕੇ ਕਾਬਲ ਵੱਲ ਹੀ ਮੋੜ ਦਿੱਤਾ ਸੀ। ਦੇਸ਼ ਅੰਦਰ ਸਮੇਂ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਵੀ ਮਨ ਬਣਾਇਆ ਹੋਇਆ ਸੀ ਕਿ ਉਹ ਹਿੰਦੂ ਧਰਮ ਨੂੰ ਮਿਟਾ ਹੀ ਦੇਵੇਗਾ, ਪਰ ਗੁਰੂ ਤੇਗ਼ ਬਹਾਦਰ ਸਾਹਿਬ ਨੇ ਦੇਸ਼-ਵਾਸੀਆਂ ਨੂੰ ਹੀ ਅਧਿਆਤਮਕ ਸ਼ਕਤੀ ਦੇ ਧਾਰਨੀ ਬਣਾ ਕੇ ਔਰੰਗਜ਼ੇਬ ਦਾ ਮੁਕਾਬਲਾ ਕਰਨ ਦੀ ਜਾਚ ਸਿਖਾਈ ਸੀ ਤੇ ਪਹਿਲਾਂ ਆਪਣੀ ਆਹੂਤੀ (ਬਲੀਦਾਨ) ਦੇ ਕੇ ਪਿਆਰ ਤੇ ਕੁਰਬਾਨੀ ਦਾ ਰਾਹ ਵਿਖਾਇਆ ਸੀ। ਇਹੋ ਕਾਰਨ ਹੈ ਕਿ ਦਸਮ-



Sri Satguru Jagjit Singh Ji eLibrary NamdhariElibrary@gmail.com

ਪਾਤਸ਼ਾਹ ਦੇ ਝੰਡੇ ਹੇਠ ਭਾਰਤ ਦੇ ਸਪੂਤ ਇਕੱਠੇ ਹੋ ਗਏ ਸਨ ਤੇ ਮੁਗਲਸ਼ਾਹੀ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਗਈਆਂ ਸਨ।

ਕੌਮਾਂ ਤੇ ਦੇਸ਼ਾਂ ਦੀਆਂ ਸਮੱਸਿਆਵਾਂ ਸਦਾ ਇਕੋ ਜਿਹੀਆਂ ਨਹੀਂ ਰਹਿੰਦੀਆਂ। ਉਦਾਹਰਣ ਦੇ ਤੌਰ ਤੇ ਇਸ ਸਮੇਂ ਨਾ ਕੋਈ ਇਕ-ਪੁਰਖੀ ਰਾਜ ਹੈ ਤੇ ਨਾ ਜਨਤਕ ਰਾਇ ਦੀ ਅਣਹੋਂਦ ਹੀ ਹੈ ਕਿਉਂਕਿ ਦੇਸ਼ ਅੰਦਰ ਹੁਣ ਸੈਕੂਲਰ ਪਰਜਾ-ਤੰਤਰ ਕਾਇਮ ਹੋ ਚੁੱਕਾ ਹੋਇਆ ਹੈ; ਪਰ ਬੇਅੰਤ ਹੋਰ ਸਮੱਸਿਆਵਾਂ ਹਨ ਜਿਨ੍ਹਾਂ ਦਾ ਹੱਲ ਅਸੀਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਤੋਂ ਭਲੀ ਪ੍ਰਕਾਰ ਲੱਭ ਸਕਦੇ ਹਾਂ।

ਗੁਰੂ ਤੇਗ ਬਹਾਦਰ ਸਾਹਿਬ ਨੇ ਦੇਸ਼ ਨੂੰ ਨਿਰਾ ਆਜ਼ਾਦੀ ਦਾ ਰਾਹ ਨਹੀਂ ਸੀ ਵਿਖਾਇਆ ਸਗੋਂ ਆਰਥਿਕ, ਸਮਾਜਿਕ, ਵਿਦਿਅਕ ਤੇ ਧਾਰਮਿਕ ਖੇਤਰਾਂ ਵਿਚ ਵੀ ਅਗਵਾਈ ਦਿੱਤੀ ਸੀ ਤੇ ਜੇ ਅਸੀਂ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇਸ ਅਗਵਾਈ ਦੀ ਗੱਲ ਤੋਂ ਜਾਣੂ ਨਾ ਕਰਾਈਏ ਤਾਂ ਉਹ ਸਮਝੇਗੀ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਅਗਵਾਈ ਦੀ ਇਸ ਸਮੇਂ ਕੋਈ ਲੋੜ ਨਹੀਂ। ਇਸ ਤੋਂ ਛੁੱਟ ਅੱਜ ਦਾ ਗੱਭਰੂ ਆਰਥਿਕ ਉੱਨਤੀ ਲਈ ਆਪਣੇ ਸਭਿਆਚਾਰਕ ਵਿਰਸੇ ਵਿਚੋਂ ਸਮੇਂ ਦੀਆਂ ਲੋੜਾਂ ਅਨੁਸਾਰ ਆਰਥਿਕ ਗਿਆਨ ਨਾ ਮਿਲਣ ਦੇ ਕਾਰਨ ਕਮਿਊਨਿਜ਼ਮ ਵੱਲ ਝੁੱਕ ਕੇ ਮਜ਼ਹਬ ਤੋਂ ਹੀ ਬੇਮੁੱਖ ਹੋ ਸਕਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੇਸ਼ ਦੀ ਆਰਥਿਕ ਉੱਨਤੀ ਲਈ ਅਨੇਕਾਂ ਕੰਮ ਕੀਤੇ ਸਨ ਜਿਨ੍ਹਾਂ ਦਾ ਵਿਸਥਾਰ ਦਿਤਿਆਂ ਨੌਜਵਾਨ ਬੱਚੇ ਸਿੱਖੀ ਵੱਲ ਪਰੇਰੇ ਜਾਣਗੇ; ਗੁਰੂਆਂ ਨੂੰ ਪਿਆਰ ਕਰਨਗੇ ਤੇ ਸਿੱਖੀ ਉਤੇ ਮਾਣ ਕਰਨਗੇ। ਜਿਨ੍ਹਾਂ ਈਸਾਈ ਦੇਸ਼ਾਂ ਵਿਚ ਕਮਿਊਨਿਜ਼ਮ ਆਇਆ ਹੈ ਉਸ ਦਾ ਕਾਰਨ ਵੀ ਇਹ ਹੈ ਕਿ ਈਸਾਈਆਂ ਦੇ ਦਿਲਾਂ ਵਿਚ ਈਸਾਈ ਧਰਮ ਦਾ ਇਸ ਪੱਖੋਂ ਗਿਆਨ ਨਹੀਂ ਦਿੱਤਾ ਗਿਆ ਸੀ। ਕਮਿਊਨਿਜ਼ਮ ਦੇ ਜਨਮ



Sri Satguru Jagjit Singh Ji eLibrary NamdhariElibrary@gmail.com

ਲੈਣ ਤੋਂ ਪਿੱਛੋਂ ਉਨ੍ਹਾਂ ਦੇਸ਼ਾਂ ਦੀ ਸਮਾਜਿਕ, ਆਰਥਿਕ ਤੇ ਰਾਜਸੀ ਵਾਂਗਡੋਰ ਵਾਲੇ ਉੱਚੇ ਦਰਜੇ ਦੇ ਬੰਦੇ ਉਸ ਨਵੇਂ ਆਰਥਿਕ ਫ਼ਲਸਫ਼ੇ 'ਚੋਂ ਪੈਦਾ ਹੋ ਸਕਣ ਵਾਲੇ ਮਹਾਨ ਖ਼ਤਰਿਆਂ ਦਾ ਨਾ ਅਨੁਮਾਨ ਲਾ ਸਕੇ ਤੇ ਨਾ ਉਨ੍ਹਾਂ ਦਾ ਮੁਕਾਬਲਾ ਕਰਨ ਦੇ ਢੰਗ ਸੋਚ ਸਕੇ ਸਨ। ਇਸ ਲਈ ਆਪਣੀ ਉਸ ਨਿਕਰਮਣਤਾ ਦੇ ਕਾਰਨ ਉਨ੍ਹਾਂ ਨੇ ਆਪਣੇ ਗਲ ਵਿਚ ਅੰਗੂਠਾ ਦੇਣ ਵਾਲੇ ਤੇ ਉਨ੍ਹਾਂ ਨੂੰ ਪੈਰਾਂ ਹੇਠ ਲਿਤਾੜਨ ਵਾਲੇ ਫ਼ਲਸਫ਼ੇ ਨੂੰ ਦੁਨੀਆਂ ਵਿਚ ਵੱਧਣ ਫੁੱਲਣ ਦਿਤਾ। ਜੇ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਮਹਾਂਵਾਕ ਦਾ ਪਤਾ ਹੁੰਦਾ ਕਿ "ਜੋ ਬਾਬੇ ਕੇ ਦਾਮ ਨਾ ਦੈ ਹੈ ॥ ਤਾ ਤੇ ਗਹਿ ਬਾਬਰ ਕੇ ਲੈ ਹੈ।" ਤਾਂ ਉਹ ਇਸ ਬਲਾ ਤੋਂ ਬਚ ਜਾਂਦੇ। ਅਜਿਹੀਆਂ ਹਰ ਕਿਸਮ ਦੀਆਂ ਬਲਾਵਾਂ ਤੋਂ ਬਚਣ ਲਈ ਸ੍ਰੀ ਗੁਰੂ ਨਾਨਕ ਸਾਹਿਬ ਦਾ ਹੇਠ ਲਿਖਿਆ ਬਚਨ ਸਾਨੂੰ ਮੁੱਖ ਰੱਖਣ ਦੀ ਲੋੜ ਹੈ।

"ਅਗੋ ਦੇ ਜੇ ਚੇਤੀਐ ਤਾ ਕਾਇਤ ਮਿਲੈ ਸਜਾਇ ॥"

ਕਿਸੇ ਅਮ੍ਰੀਕਨ ਵਿਦਵਾਨ ਦਾ ਕਥਨ ਹੈ :

**Non-involvements in peace mean involvements in war.**

ਅਰਥਾਤ–ਜਿਹੜੇ ਬੰਦੇ ਅਮਨ ਦੇ ਦਿਨਾਂ ਵਿਚ ਅਮਨ ਦੀਆਂ ਜੜ੍ਹਾਂ ਨੂੰ ਪੱਕੀਆਂ ਕਰਨ ਵਾਲੇ ਤੇ ਰੱਖਣ ਵਾਲੇ ਦੇਸ਼–ਉਸਾਰੀ ਦੇ ਕਾਰਜ ਨਹੀਂ ਕਰਿਆ ਕਰਦੇ ਉਹ ਆਪਣੇ ਸਿਰ ਤੇ ਜੰਗ ਸਹੇੜ ਕੇ ਗਲ ਵਿਚ ਅੰਗੂਠਾ ਦੁਆ ਕੇ ਉਹ ਕੰਮ ਕਰਿਆ ਕਰਦੇ ਹਨ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਰਥਿਕ ਉਸਾਰੀ ਰਾਹੀਂ ਭਾਰਤ ਦੇ ਅਮਨ ਤੇ ਰਖਿਆ ਦੀਆਂ ਨੀਂਹਾਂ ਪੱਕੀਆਂ ਕੀਤੀਆਂ ਸਨ। ਹੋਰ ਵੇਖੋ; ਇਸ ਸਮੇਂ ਭਾਰਤ ਵਿਚ ਇਕ ਸਵਾਲ ਇਹ ਹੈ ਕਿ ਇਸ ਦੀ ਵਧ ਰਹੀ ਆਬਾਦੀ ਦੀਆਂ ਲੋੜਾਂ ਅਨੁਸਾਰ ਜੀਵਨ ਨਿਰਬਾਹ ਦੀਆਂ ਵਸਤਾਂ ਪੈਦਾ



Sri Satguru Jagjit Singh Ji eLibrary NamdhariElibrary@gmail.com

ਹੋ ਰਹੀਆਂ ਹਨ ਜਾਂ ਨਹੀਂ। ਇਸ ਪ੍ਰਸ਼ਨ ਨੂੰ ਦੇਸ਼ ਦੇ ਬੰਦਿਆਂ ਨੇ ਅੱਜ ਆਪਣੇ ਸਨਮੁੱਖ ਰੱਖਣਾ ਹੈ ਤੇ ਜੇ ਉਹ ਪਰਜਾ-ਤੰਤਰ ਦੇ ਢੰਗਾਂ ਨਾਲ ਇਸ ਦਾ ਹੱਲ ਨਹੀਂ ਲੱਭਣਗੇ ਤਾਂ ਕਮਿਊਨਿਜ਼ਮ ਦੇ ਢੰਗ ਵਰਤੇ ਜਾਣਗੇ ਤੇ ਜਨਤਾ ਕਮਿਊਨਿਜ਼ਮ ਦੇ ਸਿਧਾਂਤ ਨੂੰ ਆਪਣਾਉਂਦੀ ਹੋਈ ਪਰਜਾ-ਤੰਤਰ ਵਲੋਂ ਮੂੰਹ ਫੇਰ ਲਏਗੀ।

ਭਾਰਤ ਇਕ ਅਜਿਹਾ ਦੇਸ਼ ਹੈ ਜਿਸ ਵਿਚ ਪ੍ਰਾਚੀਨ ਕਾਲ ਤੋਂ ਧਰਮ ਦਾ ਪ੍ਰਭਾਵ ਹੀ ਲੋਕਾਂ ਦੇ ਹਿਰਦਿਆਂ ਉਤੇ ਪ੍ਰਬਲ ਰੂਪ ਵਿਚ ਰਿਹਾ ਹੈ। ਭਾਰਤ ਵਾਸੀਆਂ ਦੇ ਧਰਮ ਦੀ ਭਾਵਨਾ ਜਿਸ ਦਾ ਮੁੱਖ ਲੱਛਣ ਦਇਆ ਤੇ ਪਰਉਪਕਾਰ ਹੁੰਦੇ ਹਨ, ਨਾਲ ਆਪਣੇ ਆਰਥਿਕ ਮਸਲਿਆਂ ਨੂੰ ਹੱਲ ਕਰਨ ਲਈ ਨਹੀਂ ਪਰੇਰਾਂਗੇ ਤਾਂ ਸਾਡੇ ਦੇਸ਼ ਵਿਚ ਕਮਿਊਨਿਜ਼ਮ ਆ ਸਕਦਾ ਹੈ। ਉਸ ਵੇਲੇ ਲੋਕਾਂ ਨੂੰ ਉਪਰ ਲਿਖੇ ਵਾਕ "ਜੋ ਬਾਬੇ ਕੇ ਦਾਮ ਨ ਦੇ ਹੈਂ" ਅਤੇ ਅਮ੍ਰੀਕਨ ਵਿਦਵਾਨ ਦਾ **Non involvements in peace** ਵਾਲਾ ਕਥਨ ਯਾਦ ਆਉਣਗੇ ਅਤੇ ਲੋਕ ਮੈਨੂੰ ਯਾਦ ਕਰਕੇ ਰੋਣਗੇ ਕਿ ਅਸੀਂ ਗੁਰਦੁਆਰਾ ਡੇਹਰਾ ਸਾਹਿਬ ਗੁਰੂ ਅਰਜਨ ਦੇਵ ਦੇ ਲੰਗਰ ਦੇ ਭਾਂਡੇ ਮਾਂਜਣ ਦੀ ਸੁਆਹ ਦੇ ਕੁੰਡ ਦੀ ਯੂਨੀਵਰਸਟੀ ਦੇ ਪੜ੍ਹੇ ਹੋਏ ਭਗਤ ਪੂਰਨ ਸਿੰਘ ਵਲੋਂ ਵੰਡੇ ਜਾ ਰਹੇ ਅਜਿਹੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਨੂੰ ਪ੍ਰਾਪਤ ਕਰਨ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਤਰਾ ਕਿਉਂ ਨਹੀਂ ਕਰਨ ਗਏ। ਬੰਦਿਓ, ਰੱਬ ਦੁਨੀਆਂ ਦੀ ਰਚਨਾ ਦੇ ਵੇਲੇ ਤੋਂ ਇਹ ਉਡੀਕ ਰਿਹਾ ਸੀ ਕਿ ਮੇਰਾ ਕੋਈ ਅਜਿਹਾ ਭਗਤ ਆਵੇ ਜਿਹੜਾ ਮੇਰੀ ਦਰਗਾਹ ਨੂੰ ਚੁੱਕ ਕੇ ਧਰਤ ਤੇ ਲੈ ਜਾਏ। ਸਿੱਖ ਗੁਰੂਆਂ ਨੂੰ ਇਹ ਮਾਣ ਮਿਲਿਆ ਜਿਨ੍ਹਾਂ ਨੇ ਰੱਬ ਦੀ ਦਰਗਾਹ ਨੂੰ ਦਰਬਾਰ ਸਾਹਿਬ ਦੇ ਰੂਪ ਵਿਚ ਧਰਤੀ ਤੇ ਲੈ ਆਂਦਾ। ਰੱਬ ਪਾਸ ਬਾਕੀ ਬਚਿਆ ਸਾਰਾ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆ ਗਿਆ। ਰੱਬ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਰਚ ਕੇ ਧਰਤੀ



Sri Satguru Jagjit Singh Ji eLibrary NamdhariElibrary@gmail.com

ਦੇ ਬੰਦਿਆਂ ਦਾ ਉਲ੍ਹਾਮਾ ਲਾਹ ਦਿਤਾ। ਹੁਣ ਲੋਕ ਦਰਬਾਰ ਸਾਹਿਬ ਨਾ ਆਉਣ ਤਾਂ ਉਹਨਾਂ ਦੀ ਮਰਜ਼ੀ–ਰੱਬ ਨੂੰ ਹੁਣ ਕੋਈ ਉਲ੍ਹਾਮਾਂ ਨਾ ਦੇਵੇ। ਦੇਖੋ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦੇਸ਼ ਦੀ ਜਨਤਾ ਨੂੰ ਪਹਿਲਾਂ ਅਧਿਆਤਮਕ ਤੌਰ ਤੇ ਬਲਵਾਨ ਕੀਤਾ ਅਤੇ ਇੱਸ ਸਹਾਰੇ ਫਿਰ ਜੀਵਨ ਦੇ ਸਭ ਖੇਤਰਾਂ ਨੂੰ ਹਰਾ ਭਰਾ ਕੀਤਾ। ਲੋਕਾਂ ਦੀ ਆਰਥਿਕ ਉੱਨਤੀ ਲਈ ਗੁਰੂ ਸਾਹਿਬ ਨੇ ਬਰਾਨੀ ਜ਼ਮੀਨਾਂ ਵਿਚ ਖੂਹ ਲਗਾਏ ਤੇ ਉਹਨਾਂ ਖੂਹਾਂ ਤੇ ਹਲਟ ਵੀ ਲਾਏ। ਬੇ-ਘਰਾਂ ਵਾਸਤੇ ਗੁਰੂ ਸਾਹਿਬ ਨੇ ਘਰ ਬਣਵਾਏ, ਗ਼ਰੀਬ ਤੇ ਲੋੜਵੰਦ ਬੰਦਿਆਂ ਲਈ ਆਪਣੀ ਸਮਰੱਥਾ ਅਨੁਸਾਰ ਰਿਹਾਇਸ਼ ਦਾ ਪ੍ਰਬੰਧ ਵੀ ਆਪ ਨੇ ਕੀਤਾ ਤੇ ਗੁਰੂ ਕੇ ਲੰਗਰ ਰਾਹੀਂ ਪ੍ਰਸ਼ਾਦੇ ਦਾ ਵੀ। ਚੰਗੀ ਨਸਲ ਦੀਆਂ ਗਊਆਂ ਤੇ ਬੈਲ ਪਾਲਣ ਵਾਲਿਆਂ ਦਾ ਹੌਸਲਾ ਵਧਾਇਆ। ਜਿਥੇ ਦੁੱਧ ਦੀ ਘਾਟ ਸੀ ਉਥੇ ਗਊਆਂ ਭਿਜਵਾਈਆਂ। ਬੰਜਰ ਜ਼ਮੀਨਾਂ ਨੂੰ ਉਹਨਾਂ ਨੇ ਖੇਤੀ ਦੇ ਯੋਗ ਬਣਵਾਇਆ, ਰੁੱਖ ਲਗਵਾਏ, ਤਾਲਾਬ ਬਣਵਾਏ, ਧਰਮਸ਼ਾਲਾਵੀ ਬਣਵਾਈਆਂ ਅਤੇ ਗੁਰਦੁਆਰੇ ਬਣਵਾਏ। ਇਹਨਾਂ ਸਾਰੇ ਕਾਰਜਾਂ ਲਈ ਮਾਇਆ ਗੁਰੂ ਸਾਹਿਬ ਦੇ ਸਿੱਖ ਤੇ ਸ਼ਰਧਾਲੂ ਖ਼ੁਸ਼ੀ ਖ਼ੁਸ਼ੀ ਭੇਟ ਕਰਦੇ ਸਨ। ਗੁਰੂ ਸਾਹਿਬ ਨਸ਼ਿਆਂ ਦੇ ਸਖ਼ਤ ਵਿਰੋਧੀ ਸਨ ਤੇ ਖ਼ਾਸ ਤੌਰ ਤੇ ਤੰਬਾਕੂ ਦੇ। ਲੋਕ ਉਨ੍ਹਾਂ ਦੇ ਉਪਦੇਸ਼ਾਂ ਨੂੰ ਬੜੇ ਗਹੁ ਨਾਲ ਸੁਣਦੇ ਸਨ। ਆਪ ਨੇ ਚੋਰਾਂ ਡਾਕੂਆਂ ਨੂੰ ਧਰਮ ਦੀ ਕਮਾਈ ਕਰਨ ਵਾਲੇ ਨੇਕ ਬੰਦੇ ਬਨਾਉਣ ਦਾ ਯਤਨ ਕੀਤਾ–ਜਿਨ੍ਹਾਂ ਵਿਚੋਂ ਅਨੇਕਾਂ ਨੇ ਮਾਰ-ਕੁਟਾਈ ਤੇ ਕਤਲਾਂ ਨਾਲ ਦੂਸਰਿਆਂ ਕੋਲੋਂ ਧਨ ਖੋਹਣ ਤੇ ਚੋਰੀ ਡਾਕੇ ਦੇ ਕਿੱਤੇ ਛੱਡ ਕੇ ਧਰਮ ਦੇ ਰਾਹ ਦੁਆਰਾ ਦਸਾਂ ਨਹੁੰਆਂ ਦੀ ਹੱਕ ਦੀ ਕਮਾਈ ਦੇ ਕਿੱਤੇ ਫੜ ਲਏ।

-----



Sri Satguru Jagjit Singh Ji eLibrary NamdhariElibrary@gmail.com

ਆਪਣੇ ਪੁੱਤਰਾਂ ਧੀਆਂ ਦੇ ਹੋਸ਼ ਸੰਭਾਲਣ ਦੇ ਸਮੇਂ ਤੋਂ ਉਹਨਾਂ ਨੂੰ ਸਿੱਖ ਗੁਰਮਤਿ ਦੀ ਰੰਗਣ ਵਿਚ ਰੰਗਣ ਵਾਲਾ

# ਡਾਕਟਰ ਪੂਰਨ ਸਿੰਘ

ਡਾਕਟਰ ਪੂਰਨ ਸਿੰਘ ਜੀ ਅੰਮ੍ਰਿਤ ਵੇਲੇ ਤਿੰਨ ਕੁ ਵਜੇ ਉੱਠ ਕੇ ਪਹਿਲਾਂ ਅੱਧਾ ਘੰਟਾ ਸਿਮਰਨ ਕਰਦੇ ਸਨ। ਫਿਰ ਚਾਰ ਵਜੇ ਦੇ ਕਰੀਬ ਗੁਰਦੁਆਰੇ ਪਹੁੰਚ ਕੇ ਆਸਾ ਜੀ ਦੀ ਵਾਰ ਦਾ ਪੂਰਾ ਕੀਰਤਨ ਸੁਣਦੇ ਸਨ। ਆਪਣੇ ਬੱਚਿਆਂ ਦੇ ਧਾਰਮਿਕ ਜੀਵਨ ਵੱਲ ਉਹਨਾਂ ਦਾ ਪੂਰਾ ਧਿਆਨ ਹੁੰਦਾ ਸੀ। ਉਹ ਉਹਨਾਂ ਨੂੰ ਗੁਰਸਿੱਖੀ ਮਾਰਗ ਤੇ ਤੋਰਨਾ ਚਾਹੁੰਦੇ ਸਨ, ਇਸ ਲਈ ਉਹ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਅੰਮ੍ਰਿਤ ਵੇਲੇ ਉੱਠਣ, ਗੁਰਬਾਣੀ ਦੇ ਨਿਤਨੇਮ ਦਾ ਪਾਠ ਕਰਨ ਤੇ ਗੁਰਦੁਆਰੇ ਜਾ ਕੇ ਮੱਥਾ ਟੇਕਣ ਦੀ ਆਦਤ ਪਾਉਂਦੇ ਸਨ। ਉਹਨਾਂ ਨੇ ਆਪਣੇ ਹਰ ਬੱਚੇ ਲਈ ਵੱਖਰੀ ਵੱਖਰੀ ਥੈਲੀ ਰੱਖੀ ਹੋਈ ਸੀ, ਜਿਹੜਾ ਬੱਚਾ ਸਵੇਰ ਵੇਲੇ ਪਹਿਲਾਂ ਉੱਠਦਾ ਸੀ ਉਸ ਦੀ ਥੈਲੀ ਵਿਚ ਇਨਾਮ ਦੇ ਪੈਸੇ ਪੈ ਜਾਂਦੇ ਸਨ। ਜਿਹੜਾ ਪਹਿਲਾਂ ਇਸ਼ਨਾਨ ਕਰਦਾ ਸੀ ਉਸ ਦੀ ਥੈਲੀ ਵਿਚ ਵੀ ਇਨਾਮ ਪੈ ਜਾਂਦਾ ਸੀ। ਜਿਹੜਾ ਗੁਰਬਾਣੀ ਦੇ ਨਿੱਤਨੇਮ ਦਾ ਪਾਠ ਪਹਿਲਾਂ ਕਰਦਾ ਸੀ ਉਸ ਦੀ ਥੈਲੀ ਵਿਚ ਵੀ ਇਨਾਮ ਪੈ ਜਾਂਦਾ ਸੀ ਅਤੇ ਜਿਹੜਾ ਪਹਿਲਾਂ ਗੁਰਦੁਆਰੇ ਜਾਂਦਾ ਸੀ ਉਸ ਦੀ ਥੈਲੀ ਵਿਚ ਵੱਖਰਾ ਇਨਾਮ ਪੈ ਜਾਂਦਾ ਸੀ। ਡਾਕਟਰ ਸਾਹਿਬ ਆਪਣੇ ਹਰ ਬੱਚੇ ਨੂੰ ਜਪੁਜੀ ਸਾਹਿਬ, ਸ਼ਬਦ ਹਜ਼ਾਰੇ ਅਤੇ ਅਨੰਦ ਸਾਹਿਬ ਵੀ ਜ਼ਬਾਨੀ ਚੇਤੇ ਕਰਵਾਉਂਦੇ ਸਨ। ਜਿਸ ਬੱਚੇ ਨੂੰ ਸੁਖਮਨੀ ਸਾਹਿਬ ਦਾ ਪਾਠ ਚੇਤੇ ਹੋ ਜਾਂਦਾ ਸੀ ਉਸ ਨੂੰ ੧੦੦੦) ਰੁਪਏ ਇਨਾਮ ਵਜੋਂ ਮਿਲ ਜਾਂਦੇ ਸਨ।

ਛੋਟੀ ਉਮਰ ਦੇ ਆਪਣੇ ਬੱਚਿਆਂ ਨੂੰ ਡਾਕਟਰ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿਚ ਲੈ ਜਾਂਦੇ ਤੇ ਬੜੇ ਪਿਆਰ ਤੇ ਚਾਵਾਂ ਨਾਲ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਦੀ ਆਦਤ ਪਾਉਂਦੇ। ਉਹਨਾਂ ਦੇ ਪੁੱਤਰ ਵੀ ਆਪਣੀਆਂ ਨੌਕਰੀਆਂ ਵਾਲੀਆਂ ਥਾਵਾਂ ਤੋਂ ਆਪਣੇ ਛੋਟੀ ਉਮਰ ਦੇ ਬਾਲਕਾਂ ਨੂੰ ਡਾਕਟਰ ਸਾਹਿਬ ਪਾਸ ਇਸ ਲਈ ਭੇਜਦੇ ਸਨ ਕਿ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਤੇ ਗੁਰਬਾਣੀ ਪੜ੍ਹਨ ਦੀ ਆਦਤ ਪੈ ਜਾਵੇ।

ਡਾਕਟਰ ਸਾਹਿਬ ਦੀ ਕਿਰਿਆ ਵਾਲੇ ਦਿਨ ਸ਼ਾਮ ਦੇ ਵੇਲੇ ਕਿਰਿਆ ਪਿਛੋਂ ਉਨ੍ਹਾਂ ਦਾ ਭਰਾ ਤੇ ਫ਼ੌਜ ਦਾ ਮੇਜਰ ਪੁੱਤਰ ਮੇਰੇ ਪਾਸ ਬੈਠੇ ਸਨ। ਡਾਕਟਰ ਸਾਹਿਬ ਦੇ ਭਰਾ ਨੇ ਰਹਿਰਾਸ ਦਾ ਪਾਠ ਸ਼ੁਰੂ ਕੀਤਾ ਤੇ ਮੇਜਰ ਪੁੱਤਰ ਵੀ ਪਾਠ ਦੀ ਸਮਾਪਤੀ ਤਕ ਆਪਣੀ ਵਾਰੀ ਦਾ ਪਾਠ ਕਰਦਾ ਰਿਹਾ।

ਕਿਰਿਆ ਦੇ ਅਵਸਰ ਉਤੇ ਫਰੀਦਕੋਟ ਸਿੰਘ ਸਭਾ ਦੇ ਪਰਧਾਨ ਨੇ ਜੋ ਵਿਆਖਿਆਨ ਦਿੱਤਾ ਉਸ ਵਿਚ ਉਸ ਨੇ ਦੱਸਿਆ ਕਿ ਡਾਕਟਰ ਸਾਹਿਬ ਫਰੀਦਕੋਟ ਦੀਆਂ ਧਾਰਮਿਕ ਸੰਸਥਾਵਾਂ ਲਈ ਜਦੋਂ ਲੋਕਾਂ ਪਾਸੋਂ ਦਾਨ ਕਰਵਾਇਆ ਕਰਦੇ ਸਨ ਤਾਂ ਉਸ ਵੇਲੇ ਉਹ ਪਿੰਗਲਵਾੜਾ ਅੰਮ੍ਰਿਤਸਰ ਦਾ ਵੀ ਪੂਰਾ ਪੂਰਾ ਪ੍ਰਚਾਰ ਕਰਿਆ ਕਰਦੇ ਸਨ। ਕਿਰਿਆ ਤੋਂ ਦੂਸਰੇ ਦਿਨ ਡਾਕਟਰ ਸਾਹਿਬ ਦਾ ਇਕ ਪੋਤਰਾ, ਮੇਜਰ ਸਾਹਿਬ ਦਾ ਪੁੱਤਰ (ਦਸਵੀਂ ਜਮਾਤ ਦਾ ਵਿਦਿਆਰਥੀ) ਉਸ ਕਮਰੇ ਵਿਚ ਦੋ ਤਿੰਨ ਘੰਟੇ ਬੈਠਾ ਰਿਹਾ ਜਿਥੇ ਮੇਰਾ ਲੂਲ੍ਹਾ ਤੇ ਪਿੰਗਲਵਾੜੇ ਦੇ ਸੇਵਾਦਾਰ ਮੇਰੇ ਨਾਲ ਠਹਿਰੇ ਹੋਏ ਸਨ। ਉਸ ਲੜਕੇ ਨੇ ਆਪਣੇ ਅੰਗਰੇਜ਼ੀ ਦੇ ਮਾਸਿਕ-ਪੱਤਰ "ਸਿੱਖ ਰੀਵੀਊ" ਦੇ ਦਸ ਪੰਦਰਾਂ ਪੁਰਾਣੇ ਪਰਚੇ ਰੱਖੇ ਹੋਏ ਸਨ ਜਿਨ੍ਹਾਂ ਨੂੰ ਉਹ ਲਗਾਤਾਰ ਪੜ੍ਹਦਾ ਰਿਹਾ। ਕੁਝ ਸਾਲ ਹੋਏ ਹਨ; ਕਿਸੇ ਅੰਗਰੇਜ਼ੀ ਅਖ਼ਬਾਰ ਵਿਚ ਕਿਸੇ ਯੂਰਪੀਅਨ ਵਿਦਵਾਨ ਦਾ ਮੈਂ ਇਕ ਲੇਖ ਪੜ੍ਹਿਆ,



Sri Satguru Jagjit Singh Ji eLibrary NamdhariElibrary@gmail.com

ਜਿਸ ਵਿਚ ਲਿਖਿਆ ਸੀ ਕਿ ਜਿਹੜੇ ਮਾਂ ਬਾਪ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਗੰਦੀਆਂ ਪੁਸਤਕਾਂ ਨਾ ਪੜ੍ਹਨ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਉਹਨਾਂ ਨੂੰ ਛੋਟੀ ਉਮਰ ਤੋਂ ਹੀ ਚੰਗੀਆਂ ਤੇ ਧਾਰਮਿਕ ਪੁਸਤਕਾਂ ਪੜ੍ਹਨ ਦੀ ਆਦਤ ਪਾਉਣ। ਕਿਸੇ ਸਿਆਣੇ ਬੰਦੇ ਦਾ ਕਥਨ ਠੀਕ ਹੀ ਹੈ ਕਿ ਆਪਣੇ ਬੱਚਿਆਂ ਨੂੰ ਬਹੁਤ ਧਨ ਦੇਣ ਦੀ ਬਜਾਏ ਉਹਨਾਂ ਨੂੰ ਧਨ ਅਕਲ ਨਾਲ ਖਰਚ ਕਰਨ ਦੀ ਜਾਚ ਸਿਖਾਉਣੀ ਚਾਹੀਦੀ ਹੈ। ਜਿਹੜੇ ਮਾਪੇ ਬੱਚਿਆਂ ਨੂੰ ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਦਾ ਸ਼ੌਕ ਨਹੀਂ ਪਾਉਂਦੇ ਤੇ ਰੁਪਏ ਨੂੰ ਹੀ ਸਭ ਕੁਝ ਸਮਝਦੇ ਹਨ, ਉਹ ਆਪਣੇ ਬੱਚਿਆਂ ਤੋਂ ਨੇਕ ਬਣੇ ਰਹਿਣ ਦੀ ਆਸ ਭੀ ਨਾ ਕਰਿਆ ਕਰਨ। ਉਹਨਾਂ ਦੇ ਬੱਚੇ ਅਕਸਰ ਕਈ ਤਰ੍ਹਾਂ ਦੇ ਐਬਾਂ ਵਿਚ ਪੈ ਜਾਂਦੇ ਹਨ। ਕਿਸੇ ਅੰਗਰੇਜ਼ ਵਿਦਵਾਨ ਦਾ ਕਥਨ ਹੈ ਕਿ ਜਿਸ ਘਰ ਵਿਚ ਬੰਦੇ ਨੂੰ ਆਤਮਿਕ ਗਿਆਨ ਦੇਣ ਵਾਲਾ ਕੋਈ ਧਾਰਮਿਕ ਗ੍ਰੰਥ ਨਾ ਪਿਆ ਹੋਵੇ ਉਸ ਵਿਚ ਗੁਨਾਹਾਂ ਨੂੰ ਅੰਦਰ ਵੜਨ ਤੋਂ ਰੋਕ ਟੋਕ ਪਾਉਣ ਲਈ ਕੋਈ ਰੁਕਾਵਟ ਨਹੀਂ ਹੁੰਦੀ ਤੇ ਗੁਨਾਹ ਉਸ ਅੰਦਰ ਬਿਨਾਂ ਰੋਕ ਟੋਕ ਤੋਂ ਆ ਸਕਦੇ ਹਨ।

ਡਾਕਟਰ ਪੂਰਨ ਸਿੰਘ ਜੀ ਨੇ ਆਪਣੇ ਪੁੱਤਰਾਂ ਬਾਰੇ ਕਦੇ ਨਾ ਸੋਚਿਆ ਕਿ ਉਹ ਉਨ੍ਹਾਂ ਲਈ ਬਹੁਤ ਸਾਰਾ ਧਨ ਜੋੜ ਕੇ ਛੱਡ ਜਾਣ। ਉਨ੍ਹਾਂ ਲਈ ਉਨ੍ਹਾਂ ਨੇ ਕੇਵਲ ਇਕੋ ਗੱਲ ਸੋਚੀ ਕਿ ਉਹ ਗੁਰਮਤਿ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨ ਤੇ ਪ੍ਰਤੀ ਦਿਨ ਦੋਨੋਂ ਵੇਲੇ ਗੁਰਬਾਣੀ ਦੇ ਨਿੱਤਨੇਮ ਦਾ ਪਾਠ ਕਰਨ ਵਾਲੇ ਬਣਨ ਤਾਂ ਜੋ ਉਹ ਉਦਮ ਕਰਦੇ ਹੋਏ ਨਿਰਛਲਤਾ ਨਾਲ ਆਪਣੀ ਰੋਜ਼ੀ ਵੀ ਕਮਾ ਸਕਣ ਤੇ ਸਤਿਕਾਰ ਨਾਲ ਜੀਅ ਵੀ ਸਕਣ। ਇਸ ਲਈ ਡਾਕਟਰ ਸਾਹਿਬ ਨਿਰਧਨ ਰੋਗੀਆਂ ਦਾ ਇਲਾਜ ਵੀ ਮੁਫਤ ਕਰਦੇ ਤੇ ਬੇ-ਫਿਕਰ ਹੋ ਕੇ



Sri Satguru Jagjit Singh Ji eLibrary NamdhariElibrary@gmail.com

ਸਸਤੀ ਅਤੇ ਮੁਫਤ ਦਵਾਈ ਵੀ ਦਿੰਦੇ ਰਹੇ, ਬੇ-ਫ਼ਿਕਰ ਹੋ ਕੇ ਦਸਵੰਧ ਤੋਂ ਵੀ ਵੱਧ ਦਾਨ ਕਰਦੇ।

ਗੁਰਮਤਿ ਤੋਂ ਪ੍ਰੇਰਨਾ ਲੈਣ ਵਾਲੇ ਤੇ ਬਾਣੀ ਦੇ ਨਿਤਨੇਮ ਦਾ ਪਾਠ ਕਰਨ ਵਾਲੇ ਉਹਨਾਂ ਦੇ ਸਾਰੇ ਪੁੱਤਰ ਚੰਗੇ ਰੁਜ਼ਗਾਰਾਂ ਤੇ ਲੱਗੇ ਹੋਏ ਹਨ ਅਤੇ ਆਪਣੀ ਕਮਾਈ ਕਰਦੇ ਹੋਏ ਭਾਰੇ ਸਤਿਕਾਰ ਨਾਲ ਜੀਅ ਰਹੇ ਹਨ। ਉਹਨਾਂ ਨੂੰ ਆਪਣੇ ਜੀਵਨ ਨਿਰਬਾਹ ਲਈ ਪਿਤਾ ਦੇ ਛੱਡੇ ਹੋਏ ਧਨ ਵੱਲ ਤੱਕਣ ਦੀ ਕੋਈ ਲੋੜ ਨਹੀਂ ਸੀ।

ਡਾਕਟਰ ਸਾਹਿਬ ਦੀ ਪੈਨਸ਼ਨ ੨੫੦) ਰੁਪਏ ਮਾਹਵਾਰ ਸੀ ਤੇ ਉਹ ਪੈਨਸ਼ਨ ਦੀ ਸਾਰੀ ਰਕਮ ਹੀ ਦਸਵੰਧ ਵਿਚ ਦੇ ਦੇਂਦੇ ਸਨ। ਉਹ ਆਪਣੀ ਆਮਦਨ ਦਾ ਪੂਰਾ ਹਿਸਾਬ ਰੱਖਦੇ ਸਨ ਤੇ ਉਸ ਵਿਚੋਂ ਦਸਵੰਧ ਕੱਢਦੇ ਸਨ। ਡਾਕਟਰ ਸਾਹਿਬ ੧੯੪੩ ਵਿਚ ਰੀਟਾਇਰ ਹੋਏ ਤੇ ਆਪਣੀ ਮੌਤ ਤੱਕ ਦੇ ਸਮੇਂ ਵਿਚ ਉਨ੍ਹਾਂ ਨੇ ੭੫੦੦੦) ਰੁਪਿਆ ਦਸਵੰਧ ਦੇ ਰੂਪ ਵਿਚ ਦਾਨ ਦਿੱਤਾ ਭਾਵੇਂ ਉਹਨਾਂ ਦਾ ਦਸਵੰਧ ਇਸ ਰਕਮ ਤੋਂ ਘੱਟ ਬਣਦਾ ਸੀ। ਧੰਨ ਗੁਰੂ ਦੀ ਬਾਣੀ ਜਿਸ ਨੂੰ ਪੜ੍ਹ ਸੁਣ ਕੇ ਡਾਕਟਰ ਪੂਰਨ ਸਿੰਘ ਵਰਗੇ ਬੰਦੇ ਉਪਜਦੇ ਹਨ ਇਹੋ ਜਿਹੇ ਬੰਦਿਆਂ ਬਾਬਤ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਫੁਰਮਾਉਂਦੇ ਹਨ :-

ਲੋਕ ਸੁਖੀਏ ਪਰਲੋਕ ਸੁਹੇਲੇ ॥

ਡਾਕਟਰ ਸਾਹਿਬ ੭੩ ਸਾਲ ਦੀ ਉਮਰ ਵਿਚ ਸੁਰਗਵਾਸ ਹੋਏ ਸਨ। ਉਹ ਆਪਣੀ ਲੰਬੀ ਉਮਰ ਤੇ ਸਿਹਤ ਤੇ ਮਾਨ ਕਰਦਿਆਂ ਕਿਹਾ ਕਰਦੇ ਸਨ ਕਿ ਮੈਂ ਇਸ ਰੱਬੀ ਰਹਿਮਤ ਨੂੰ ਭਲੀ ਪ੍ਰਕਾਰ ਸਫਲ ਕਰਨ ਦਾ ਯਤਨ ਕੀਤਾ ਹੈ। ਮੈਂ ਸੰਸਾਰ ਵਿਚ ਇੱਜ਼ਤ ਸਤਿਕਾਰ ਨਾਲ ਜੀਵਿਆ ਹਾਂ ਕਿਉਂਕਿ ਮੈਂ ਦਸਾਂ ਨਹੁੰਆਂ ਦੀ ਕਮਾਈ ਕੀਤੀ ਹੈ। ਉਸ ਕਮਾਈ ਵਿਚੋਂ ਦਸਵੰਧ



Sri Satguru Jagjit Singh Ji eLibrary NamdhariElibrary@gmail.com

ਕੱਢਿਆ ਹੈ। ਅਤੇ ਆਪਣੇ ਬੱਚਿਆਂ ਨੂੰ ਚੰਗੀ ਵਿਦਿਆ ਦੇ ਕੇ ਉੱਚੀਆਂ ਪਦਵੀਆਂ ਤੇ ਪਹੁੰਚਾਇਆ ਹੈ। ਡਾਕਟਰ ਪੂਰਨ ਸਿੰਘ ਦੇ ਸੰਖੇਪ ਜੀਵਨ ਨੂੰ ਬਿਆਨ ਕਰਨ ਵਾਲਾ ਇਹ ਦੂਜਾ ਲੇਖ ਹੈ। ਇਸ ਲੇਖ ਦਾ ਪਹਿਲਾ ਹਿੱਸਾ ਵੱਖਰੇ ਇਸ਼ਤਿਹਾਰ ਵਿਚ ਗੁਰਸਿੱਖੀ ਦੀ ਜੀਵਨ ਮਰਯਾਦਾ ਤੋਂ ਉਪਜਣ ਵਾਲਾ ਦਇਆ ਭਰਪੂਰ ਜੀਉਂਦੇ ਜਾਗਦੇ ਤੇ ਉਛਲਦੇ ਹਿਰਦਿਆਂ ਵਾਲਾ "ਉਸਾਰੂ ਜੀਵਨ ਮਾਰਗ" ਦੇ ਸਿਰਲੇਖ ਹੇਠ ਛਪਿਆ ਹੈ। ਜਿਹੜੇ ਗੁਰੂ ਪਿਆਰੇ ਚਾਹੁੰਦੇ ਹਨ ਕਿ ਇਹ ਕਿਤਾਬਚਾ ਵੱਧ ਤੋਂ ਵੱਧ ਹੱਥਾਂ ਵਿਚ ਜਾਵੇ ਉਹ ਸਾਨੂੰ ਹਰ ਮਹੀਨੇ ਮਨੀਆਰਡਰਾਂ ਰਾਹੀਂ ਮਾਇਆ ਘੱਲਣ ਵੀ ਤੇ ਘਲਾਉਣ ਵੀ।

–ਭਗਤ ਪੂਰਨ ਸਿੰਘ

ਗੁਰਸਿੱਖੀ ਦੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਪ੍ਰਤੀ ਦਿਨ ਕਰਨ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਖੋਜ ਤੇ ਵਿਚਾਰ ਵਾਹਿਗੁਰੂ ਦੇ ਨਾਮ ਦੀ ਲਿਵ ਵਿਚ ਡੁਬੇ ਰਹਿਣ ਵਾਲੇ ਗੁਰਸਿੱਖਾਂ ਦੇ ਜੀਵਨ ਦੀ ਨਖੇੜਵੀਂ ਘਾੜਤ ਦਾ ਇਕ ਨਮੂਨਾ

# ਮਹਾਨ ਗੁਰਸਿੱਖ ਪ੍ਰਿੰਸੀਪਲ ਜੋਧ ਸਿੰਘ

ਜਿਹੜੇ ਬੰਦੇ ਬਾਣੀ ਪੜ੍ਹਦੇ ਹਨ, ਨਾਮ ਜਪਦੇ ਹਨ, ਦਸਵੰਧ ਕੱਢਦੇ ਹਨ, ਉਹ ਬੜੀਆਂ ਪਦਵੀਆਂ ਪ੍ਰਾਪਤ ਕਰਦੇ ਹਨ ਤੇ ਲੰਮੀਆਂ ਉਮਰਾਂ ਭੋਗਦੇ ਹਨ। ਪ੍ਰਿੰਸੀਪਲ ਸਾਹਿਬ ਭਾਈ ਜੋਧ ਸਿੰਘ ਜੀ ਇਕ ਮਹਾਨ ਸਿੱਖ ਵਿਦਵਾਨ ਹੋਏ ਹਨ। ਉਹ ਛੋਟੀ ਉਮਰ ਤੋਂ ਹੀ ਗੁਰਬਾਣੀ ਦੇ ਨਿੱਤ-ਨੇਮ ਦੀਆਂ ਬਾਣੀਆਂ ਦਾ ਪਾਠ ਵੀ ਕਰਦੇ ਰਹੇ ਸਨ ਤੇ ਦਸਵੰਧ ਵੀ ਕੱਢਦੇ ਰਹੇ ਸਨ। ਉਨ੍ਹਾਂ ਨੇ ੯੯ ਸਾਲ ੬ ਮਹੀਨੇ ੪ ਦਿਨ ਦੀ ਉਮਰ ਭੋਗੀ। ਵੇਦ ਵਿਚ ਲਿਖਿਆ ਹੈ ਕਿ ਐ ਮਨੁੱਖ! ਨੇਕ ਕੰਮਾਂ ਨੂੰ ਕਰਦਾ ਹੋਇਆ ਤੂੰ ੧੦੦ ਸਾਲ ਉਮਰ ਭੋਗਣ ਦੀ ਆਸ ਰੱਖ।



Sri Satguru Jagjit Singh Ji eLibrary NamdhariElibrary@gmail.com

ਕਾਰਲਾਇਲ ਫਿਲਾਸਫਰ ਦਾ ਕਥਨ :-**Mad dose not die, he kills himself.** ਅਰਥਾਤ ਮਨੁੱਖ ਮਰਦਾ ਨਹੀਂ ਉਹ ਆਪਣੇ ਆਪ ਨੂੰ ਜਾਨੋਂ ਮਾਰਦਾ ਹੈ । ਵਿਸ਼ੇ ਵਿਕਾਰ, ਝੂਠ, ਈਰਖਾ, ਦਵੈਸ਼ ਕਰੋਧ ਤੇ ਹੋਰ ਅਨੇਕ ਪ੍ਰਕਾਰ ਦੀਆਂ ਮਰਿਯਾਦਾ ਨੂੰ ਤੋੜਨ ਵਾਲੀਆਂ ਜੀਵਨ ਦੀਆਂ ਕਿਰਿਆਵਾਂ ਮਨੁੱਖ ਦੀ ਉਮਰ ਘਟਾਉਂਦੀਆਂ ਹਨ । ਜਿਉਂ ਜਿਉਂ ਸਮਾਂ ਲੰਘਦਾ ਗਿਆ ਮੈਂ ਇਹ ਉਡੀਕਦਾ ਰਿਹਾ ਸਾਂ ਕਿ ਦੇਖੀਏ ਕਿੰਨੀ ਕੁ ਉਮਰ ਤੇ ਪੁੱਜ ਕੇ ਪ੍ਰਿੰਸੀਪਲ ਜੋਧ ਸਿੰਘ ਸਾਥੋਂ ਵਿਛੜਨਗੇ। ਉਨ੍ਹਾਂ ਦੀ ਮੌਤ ਦੁਨੀਆਂ ਦੇ ਬੰਦਿਆਂ ਦੀਆਂ ਅੱਖਾਂ ਖੋਲ੍ਹਣ ਵਾਲੀ ਹੈ। ਉਨ੍ਹਾਂ ਨੂੰ ਕੋਈ ਬੀਮਾਰੀ ਨਾ ਆਈ ਕੇਵਲ ਦੀਵੇ ਵਿਚੋਂ ਤੇਲ ਹੀ ਮੁੱਕ ਗਿਆ ਸੀ । ਮੌਤ ਤੋਂ ੨-੩ ਦਿਨ ਪਹਿਲਾਂ ਉਨ੍ਹਾਂ ਨੇ ਖਾਣਾ ਛੱਡ ਦਿਤਾ ਸੀ। ਜਿਸ ਦਿਨ ਰਾਤ ਦੇ ਵੇਲੇ ਉਨ੍ਹਾਂ ਦੀ ਮੌਤ ਹੋਈ ਉਸ ਵੇਲੇ ਡਾਕਟਰ ਤੇ ਉਨ੍ਹਾਂ ਦਾ ਪੁੱਤ੍ਰ ਸ: ਸੁੰਦਰ ਸਿੰਘ ਰਾਤ ੧੨ ਵਜੇ ਤਕ ਉਨ੍ਹਾਂ ਦੇ ਪਾਸ ਬੈਠੇ ਰਹੇ ਸਨ। ਰਾਤ ਦੇ ੨ ਵਜੇ ਪ੍ਰਿੰਸੀਪਲ ਸਾਹਿਬ ਉਠ ਖੜਿਆ ਕਰਦੇ ਸਨ। ਪੁੱਤਰ ਸੁੰਦਰ ਸਿੰਘ ੨ ਵਜੇ ਉਨ੍ਹਾਂ ਪਾਸ ਫਿਰ ਪੁੱਜ ਗਿਆ । ਉਸ ਵੇਲੇ ਉਨ੍ਹਾਂ ਦੇ ਬੁਲ੍ਹ ਹਿਲ ਰਹੇ ਸਨ । ਪੁੱਤਰ ਨੇ ਪੁੱਛਿਆ ਪਿਤਾ ਜੀ ਕੀ ਤੁਸੀਂ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੋ ਤਾਂ ਉਨ੍ਹਾਂ ਨੇ ਸਿਰ ਹਿਲਾ ਕੇ ਸਮਝਾਇਆ ਕਿ ਨਹੀਂ । ਪੁੱਤਰ ਨੇ ਫਿਰ ਪੁੱਛਿਆ ਕਿ ਪਿਤਾ ਜੀ ਜਪੁਜੀ ਸਾਹਿਬ ਦਾ ਪਾਠ ਕਰਦੇ ਹੋ ? ਉਨ੍ਹਾਂ ਨੇ ਸਿਰ ਹਿਲਾ ਕੇ ਸਮਝਾਇਆ ਕਿ ਹਾਂ । ਪ੍ਰਿੰਸੀਪਲ ਸਾਹਿਬ ਨੇ ਇਸ਼ਾਰਾ ਕੀਤਾ ਕਿ ਟੇਪ ਰਿਕਾਰਡਰ ਚਲਾ ਦਿਓ । ਟੇਪ ਰਿਕਾਰਡਰ ਵਿਚ ਸੁਖਮਨੀ ਸਾਹਿਬ ਦਾ ਪਾਠ ਹੋਣ ਲੱਗ ਪਿਆ । ਪ੍ਰਿੰਸੀਪਲ ਸਾਹਿਬ ਬਿਨਾ ਹਾਏ ਦੀ ਆਵਾਜ਼ ਤੋਂ ਸਵਾਸ ਛੱਡ ਗਏ। ਉਨ੍ਹਾਂ ੯੯ ਸਾਲ ੬ ਮਹੀਨੇ ੪ ਦਿਨ ਦੀ ਉਮਰ ਦੀ ਪੂੰਜੀ ਕਿਸ ਤਰ੍ਹਾਂ ਪ੍ਰਾਪਤ



Sri Satguru Jagjit Singh Ji eLibrary NamdhariElibrary@gmail.com

ਹੋਈ। ਇਸ ਪ੍ਰਸ਼ਨ ਦਾ ਉੱਤਰ ਹੇਠ ਲਿਖਿਆ ਹੈ। ਉਹ ਪ੍ਰਤੀ ਦਿਨ ਤੜਕੇ ਉਠ ਕੇ ਨਿਤ-ਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ ਸਨ। ਮਨ ਨੂੰ ਉਨ੍ਹਾਂ ਨੇ ਹਰ ਵੇਲੇ ਵਾਹਿਗੁਰੂ ਦੇ ਧਿਆਨ ਵਿਚ ਲਾ ਕੇ ਰਖਿਆ। ਗੁਰਬਾਣੀ ਦੀ ਖੋਜ ਕਰਦੇ ਰਹੇ ਧਰਮ ਗ੍ਰੰਥ ਲਿਖਦੇ ਰਹੇ। ਉਹ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਦੇ ਅੰਗਰੇਜ਼ੀ ਤਰਜਮੇ ਦੀ ਸੋਧ ਕਰਦੇ ਰਹੇ। ਇਸ ਕਾਰਜ ਲਈ ਪ੍ਰੋਫੈਸਰ ਗੁਰਬਚਨ ਸਿੰਘ ਤਾਲਬ ਸਾਹਿਬ ਉਨ੍ਹਾਂ ਪਾਸ ਸਮੇਂ ਸਮੇਂ ਆਉਂਦਾ ਹੁੰਦਾ ਸੀ। ਮ੍ਰਿਤੂ ਤੋਂ ਕੋਈ ਮਹੀਨਾ ਕੁ ਪਹਿਲਾਂ ਜਦ ਤਾਲਬ ਸਾਹਿਬ ਆਏ ਤਾਂ ਪ੍ਰਿੰਸੀਪਲ ਸਾਹਿਬ ਨੂੰ ਬੋੜ੍ਹਾ ਬੁਖ਼ਾਰ ਸੀ। ਤਾਲਬ ਸਾਹਿਬ ਨੇ ਕਿਹਾ ਕਿ ਮੈਂ ਫਿਰ ਆ ਜਾਵਾਂਗਾ ਅਜੇ ਤੁਸੀਂ ਰਾਜ਼ੀ ਹੋ ਲਵੋ। ਪ੍ਰਿੰਸੀਪਲ ਸਾਹਿਬ ਨੇ ਉੱਤਰ ਦਿਤਾ ਕਿ ਕੋਈ ਡਰ ਨਹੀਂ ਬੁਖ਼ਾਰ ਕਰ ਕੇ ਅੱਜ ਮੈਂ ਕੁਰਸੀ ਤੇ ਨਹੀਂ ਬੈਠਦਾ ਤੁਸੀਂ ਬੋਲਦੇ ਜਾਓ ਮੈਂ ਲੰਮਾ ਪਿਆ ਹੀ ਸੁਣਦਾ ਰਹਾਂਗਾ ਤੇ ਸੁਧਾਈ ਕਰਦਾ ਰਹਾਂਗਾ। ੯੯ ਸਾਲ ਦੀ ਉਮਰ ਭੋਗਣਾ ਕਿਸੇ ਰੋਗ ਦਾ ਨਾ ਲਗਣਾ, ਮੂੰਹ ਵਿਚੋਂ ਹਾਏ ਦੀ ਆਵਾਜ਼ ਦਾ ਨਾ ਨਿਕਲਣਾ, ਹੋਸ਼ ਹਵਾਸ ਵਿਚ ਰਹਿੰਦਿਆਂ ਹੋਇਆਂ ਗੁਰਬਾਣੀ ਦਾ ਪਾਠ ਕਰਦੇ ਰਹਿਣਾ ਤੇ ਗੁਰਬਾਣੀ ਦੀ ਆਵਾਜ਼ ਨੂੰ ਪੂਰੀ ਇਕਾਗਰਤਾ ਨਾਲ ਸੁਣਦਿਆਂ ਸਵਾਸ ਛੱਡਣਾ-ਇਹ ਹਨ ਦਾਤਾਂ ਜਿਹੜੀਆਂ ਉਨ੍ਹਾਂ ਬੰਦਿਆਂ ਨੂੰ ਮਿਲਦੀਆਂ ਹਨ ਜਿਹੜੇ ਤੜਕੇ ਦੋ ਵਜੇ ਉਠਦੇ ਹਨ ਤੇ ਦਿਨ ਚੜ੍ਹਦੇ ਤਕ ਗੁਰਬਾਣੀ ਦੇ ਨਿੱਤ-ਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ ਹਨ, ਦਸਵੰਧ ਕੱਢਦੇ ਹਨ, ਸ੍ਵਾਸ ਸ੍ਵਾਸ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦੇ ਹਨ ਤੇ ਸਾਰੀ ਉਮਰ ਸੰਸਾਰ ਦੇ ਜੀਆਂ ਦੇ ਭਲੇ ਬਾਰੇ ਸੋਚਾਂ ਸੋਚਦੇ ਰਹਿੰਦੇ ਹਨ, ਉਨ੍ਹਾਂ ਦੇ ਲਈ ਧਰਮ ਗ੍ਰੰਥ ਲਿਖਦੇ ਰਹਿੰਦੇ ਹਨ।

ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਹੋਣ ਦੇ ਵੇਲੇ ਪ੍ਰਿੰਸੀਪਲ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਦੀ ਤਨਖ਼ਾਹ ੧੨੦੦) ਰੁਪਏ ਮਹੀਨਾ ਸੀ ਪਰ ਜਦ ਉਹ ਖ਼ਾਲਸਾ ਕਾਲਜ ਤੋਂ ਰੀਟਾਇਰ ਹੋ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਬਣੇ ਤਾਂ ਉਹਨਾਂ ਦੀ ਤਨਖ਼ਾਹ ੨੨੦੦) ਰੁਪਏ ਮਹੀਨਾ ਹੋ ਗਈ। ਉਸ ਵੇਲੇ ਉਨ੍ਹਾਂ ਨੇ ਆਪਣੇ ਪੁੱਤਰ ਸੁੰਦਰ ਸਿੰਘ ਨੂੰ ਕਿਹਾ ਕਿ ਪੁੱਤਰ ਮੇਰਾ ਗੁਜ਼ਾਰਾ ਤਾਂ ੧੨੦੦) ਰੁਪਏ ਮਹੀਨੇ ਵਿਚ ਹੋ ਜਾਂਦਾ ਰਿਹਾ ਹੈ । ਹੁਣ ਤਨਖ਼ਾਹ ਦੇ ਵਾਧੇ ਹੋਏ ੧੦੦੦) ਰੁਪਏ ਨੂੰ ਮੈਂ ਕੀ ਕਰਾਂ ਮੈਨੂੰ ਤਾਂ ਇਨ੍ਹਾਂ ਰੁਪਿਆਂ ਦੀ ਲੋੜ ਨਹੀਂ ਇਹ ਤਾਂ ਮੇਰੀ ਲੋੜ ਤੋਂ ਵੱਧ ਹਨ। ਮੈਂ ਵਧੀ ਹੋਈ ਤਨਖਾਹ ਵਿਚੋਂ ੧੨੦੦) ਰੁਪਏ ਮਹੀਨਾ ਦਾਨ ਕਰਨਾ ਚਾਹੁੰਦਾ ਹਾਂ। ਇਸ ਗੱਲ ਵਿਚ ਪੁੱਤਰ ਤੈਨੂੰ ਕੋਈ ਇਤਰਾਜ਼ ਤਾਂ ਨਹੀਂ। ਪੁੱਤਰ ਨੇ ਉੱਤਰ ਦਿੱਤਾ ਕਿ ਪਿਤਾ ਜੀ ਤੁਸੀਂ ਮੈਨੂੰ ਇਤਨਾ ਪੜ੍ਹਾਇਆ ਹੈ ਕਿ ਮੈਂ ਡਿਪਟੀ ਕਮਿਸ਼ਨਰ ਲੱਗਿਆ ਹੋਇਆ ਹਾਂ। ਮੈਂ ਆਪਣੀ ਤਨਖ਼ਾਹ ਨਾਲ ਹੀ ਗੁਜ਼ਾਰਾ ਕਰ ਸਕਦਾ ਹਾਂ। ਤੁਸੀਂ ਵਾਧੇ ਦੇ ੧੨੦੦) ਰੁਪਏ ਨੂੰ ਜਿਸ ਤਰ੍ਹਾਂ ਚਾਹੋ ਖਰਚ ਕਰੋ। ਭਾਈ ਸਾਹਿਬ ਉਸ ਤੋਂ ਪਿਛੋਂ ਆਪਣੇ ਖਰਚ ੧੦੦੦) ਰੁਪਿਆ ਹੀ ਲੈਂਦੇ ਰਹੇ ਤੇ ਬਾਕੀ ਦਾ ੧੨੦੦) ਰੁਪਿਆ ਗਰੀਬ ਵਿਦਿਆਰਥੀਆਂ ਨੂੰ ਹਰ ਮਹੀਨੇ ਦਿੰਦੇ ਰਹੇ । ਉਸ ਕੰਮ ਲਈ ਉਨ੍ਹਾਂ ਨੇ ਇਕ ਛੋਟੀ ਜਿਹੀ ਕਮੇਟੀ ਬਣਾ ਛੱਡੀ ਸੀ। ਜੋ ਲੋੜੀਂਦੇ ਵਿਦਿਆਰਥੀਆਂ ਦੀ ਚੋਣ ਕਰਦੀ ਰਹੀ। ਭਾਈ ਸਾਹਿਬ ਨੇ ਇਸ ਤਰ੍ਹਾਂ ਤਿੰਨਾਂ ਸਾਲਾਂ ਵਿਚ ਕੋਈ ੩੬੦੦) ਰੁਪਏ ਵਿਚੋਂ ਇਕ ਪਾਸੇ ਦਿਤੇ।

ਉਹ ਆਪਣੇ ਦਸਵੰਧ ਦਾ ਹਿਸਾਬ ਬਕਾਇਦਾ ਰੱਖਦੇ ਤੇ ਜਾਣ ਤੋਂ ਕੁਝ ਚਿਰ ਪਹਿਲਾਂ ਉਨ੍ਹਾਂ ਨੇ ਦਸਵੰਧ ਦਾ ਹਿਸਾਬ ਕਰਕੇ ਕੋਈ ਸੱਤ ਹਜ਼ਾਰ ਰੁਪਿਆ ਜੋ ਉਸ ਵੇਲੇ ਤਕ ਬਣਿਆ ਪੁੱਤਰ ਨੂੰ ਦੇ ਕੇ ਕਿਹਾ ਕਿ ਤੂੰ ਜਾ ਕੇ ਕਿਸੇ ਯੋਗ ਸੰਸਥਾ ਨੂੰ ਇਹ ਰਕਮ ਦਾਨ ਦੇ ਆ । ਪੁੱਤਰ ਨੇ ਉਨ੍ਹਾਂ ਦੇ ਇਸ ਹੁਕਮ ਦੀ ਪਾਲਣਾ ਕੀਤੀ।

–ਭਗਤ ਪੂਰਨ ਸਿੰਘ

# ਜੁਗੋ ਜੁਗ ਅਟੱਲ

# ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ

## ਦੇ ਦਰਸ਼ਨਾਂ ਨੂੰ ਛੇਤੀ ਛੇਤੀ ਆਇਆ ਕਰੋ !

ਨਵੀਂ ਮਸ਼ੀਨੀ ਸਭਿਅਤਾ ਨੇ ਅਨੇਕਾਂ ਖ਼ਤਰੇ ਮਨੁੱਖ ਜਾਤੀ ਲਈ ਪੈਦਾ ਕਰ ਦਿਤੇ ਹਨ ਤੇ ਨਵੇਂ ਨਵੇਂ ਖ਼ਤਰੇ ਪੈਦਾ ਹੋ ਰਹੇ ਹਨ। ਦੁਨੀਆਂ ਦੇ ਬੰਦਿਆਂ ਨੂੰ ਅਨੇਕ ਪ੍ਰਕਾਰ ਦੇ ਖ਼ਤਰਿਆਂ ਦਾ ਪਤਾ ਤੇ ਉਹਨਾਂ ਖ਼ਤਰਿਆਂ ਤੋਂ ਬਚਣ ਦਾ ਗਿਆਨ ਪ੍ਰਾਪਤ ਕਰਨ ਲਈ ਕਿਸੇ ਅਜਿਹੇ ਕੇਂਦਰੀ ਤੀਰਥ ਅਸਥਾਨ ਤੇ ਜਾਣ ਦੀ ਲੋੜ ਹੁੰਦੀ ਹੈ ਜਿਸ ਦਾ ਇਤਿਹਾਸ ਚੰਦ ਸੂਰਜ ਵਾਂਗ ਚਮਕ ਰਿਹਾ ਹੋਵੇ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੁਨੀਆਂ ਦੇ ਅਜਿਹੇ ਉਂਗਲੀਆਂ ਤੇ ਗਿਣੇ ਜਾਣ ਵਾਲੇ ਤੀਰਥ-ਅਸਥਾਨਾਂ ਵਿਚੋਂ ਇਕ ਹੈ। ਹਰ ਗੁਰਸਿੱਖ ਨੂੰ ਇਸ ਮਹਾਨ ਤੀਰਥ ਦੀ ਯਾਤਰਾ ਸਾਲ ਵਿਚ ਘੱਟ ਤੋਂ ਘੱਟ ਇਕ ਵਾਰੀ ਜ਼ਰੂਰ ਕਰਨੀ ਚਾਹੀਦੀ ਹੈ।

ਇਸ ਇਸ਼ਤਿਹਾਰ ਵਿਚ ਮੈਂ ਮਸ਼ੀਨੀ ਸਭਿਅਤਾ ਦੇ ਨਵੇਂ ਯੁਗ ਵਿਚ ਪੈਦਾ ਹੋਏ ਕੁਝ ਖ਼ਤਰਿਆਂ ਤੇ ਚਾਨਣਾ ਪਾਇਆ ਹੈ, ਪਰ ਖ਼ਤਰਿਆਂ ਦਾ ਤਾਂ ਅੰਤ ਹੀ ਕੋਈ ਨਹੀਂ। ਹਜ਼ਾਰਾਂ ਖਤਰੇ ਪੈਦਾ ਹੋ ਚੁੱਕੇ ਹਨ ਤੇ ਅਨੇਕਾਂ ਖ਼ਤਰੇ ਹੋਰ ਪੈਦਾ ਹੋ ਰਹੇ ਹਨ ਤੇ ਦੇਸ਼ ਤੇ ਦੁਨੀਆਂ ਦੇ ਬੰਦੇ ਉਹਨਾਂ ਖ਼ਤਰਿਆਂ ਤੋਂ ਭਾਰੇ ਕਸ਼ਟ ਭੋਗ ਰਹੇ ਹਨ, ਬਿਨ ਆਈਆਂ ਮੌਤਾਂ ਮਰ ਰਹੇ ਹਨ। ਪਿੰਗਲਵਾੜੇ ਦੇ ਇਸ਼ਤਿਹਾਰਾਂ ਅਤੇ ਕਿਤਾਬਚਿਆਂ ਦੁਆਰਾ ਦੇਸ਼ ਤੇ ਦੁਨੀਆਂ ਦੇ ਬੰਦਿਆਂ ਨੂੰ ਅਨੇਕਾਂ ਖ਼ਤਰਿਆਂ ਤੋਂ ਜਾਣੂੰ ਕਰਵਾਇਆ ਜਾ ਰਿਹਾ ਹੈ। ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਦੇ ਅਸਥਾਨਾਂ ਤੇ ਸਾਡੇ ਇਸ਼ਤਿਹਾਰ ਅਤੇ ਕਿਤਾਬਚੇ, ਤਖ਼ਤਪੋਸ਼ਾਂ ਤੇ ਪਏ ਰਹਿੰਦੇ ਹਨ। ਇਕ ਅੱਡਾ ਸ੍ਰੀ ਦਰਬਾਰ ਸਾਹਿਬ ਦੀ ਘੰਟਾ ਘਰ ਵਾਲੀ



Sri Satguru Jagjit Singh Ji eLibrary NamdhariElibrary@gmail.com

ਡਿਉਢੀ ਦੇ ਸਾਹਮਣੇ ਹੈ ਅਤੇ ਦੂਜਾ ਅੱਡਾ ਗੁਰਦੁਆਰਾ ਮੰਜੀ ਸਾਹਿਬ ਦੇ ਲਾਗੇ ਦੇ ਜੋੜਾ ਘਰ ਦੇ ਸਾਹਮਣੇ ਹੈ।

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਛੇਤੀ ਛੇਤੀ ਆਇਆ ਕਰੋ। ਅਜਿਹੇ ਭਾਗਾਂ ਵਾਲੇ ਬੰਦੇ ਵੀ ਹੁੰਦੇ ਹਨ ਜਿਹੜੇ ਦਿੱਲੀ ਜੈਸੇ ਸ਼ਹਿਰਾਂ ਤੋਂ ਹਰ ਮਹੀਨੇ ਇਸ ਮਹਾਨ ਅਸਥਾਨ ਦੇ ਦਰਸ਼ਨਾਂ ਨੂੰ ਆਉਂਦੇ ਹਨ। ਵਰਤਮਾਨ ਕਾਲ ਵਿਚ ਅਜਿਹਾ ਹੀ ਹੋਣਾ ਚਾਹੀਦਾ ਹੈ ਕਿਉਂਕਿ ਦੇਸ਼ ਤੇ ਸੰਸਾਰ ਦੇ ਹਾਲਾਤ ਬਹੁਤ ਚਿੰਤਾਜਨਕ ਹੋ ਚੁੱਕੇ ਹਨ ਤੇ ਦਿਨ ਪ੍ਰਤੀ ਦਿਨ ਹਾਲਾਤ ਦਾ ਵਿਗਾੜ ਵਧਦਾ ਜਾ ਰਿਹਾ ਹੈ। ਇਹ ਮਹਾਨ ਅਸਥਾਨ ਆਪਣੇ ਇਤਿਹਾਸ ਨਾਲ ਸਿਖ ਪੰਥ ਦਾ ਕੇਂਦਰੀ ਤੀਰਥ ਅਸਥਾਨ ਬਣਿਆ ਹੋਇਆ ਹੈ। ਮਨੁੱਖ ਜਾਤੀ ਉਸੇ ਸੂਰਤ ਵਿਚ ਅਨੇਕ ਪ੍ਰਕਾਰ ਦੇ ਸੰਕਟਾਂ ਤੇ ਖ਼ਤਰਿਆਂ ਤੋਂ ਬਚ ਸਕਦੀ ਹੈ ਜੇਕਰ ਸੰਸਾਰ ਤੇ ਇਕੱਲਾ ਇਕੱਲਾ ਬੰਦਾ ਦੇਸ਼ ਤੇ ਸੰਸਾਰ ਦੇ ਹਾਲਾਤ ਦੀ ਹੋ ਰਹੀ ਖ਼ਰਾਬੀ ਤੇ ਉਸ ਦੇ ਸੁਧਾਰ ਦੀ ਕਿਸੇ ਸੁਚੱਜੀ ਯੋਜਨਾ ਬਾਰੇ ਹਰ ਪਲ ਖ਼ਬਰਦਾਰ ਰਹੇ। ਜਿਸ ਹਿਸਾਬ ਨਾਲ ਦੇਸ਼ ਤੇ ਦੁਨੀਆਂ ਵਿਚ ਅਣਗਿਣਤ ਚਿੰਤਾਜਨਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਅਤੇ ਪੈਦਾ ਹੋ ਚੁੱਕੀਆਂ ਸਮੱਸਿਆਵਾਂ ਦੀ ਗੰਭੀਰਤਾ ਵਿਚ ਦਿਨ-ਪ੍ਰਤੀ-ਦਿਨ ਵਾਧਾ ਹੁੰਦਾ ਰਿਹਾ ਹੈ ਉਸ ਹਿਸਾਬ ਨਾਲ ਤਾਂ ਇਸ ਮਹਾਨ ਅਸਥਾਨ ਦੇ ਦਰਸ਼ਨਾਂ ਨੂੰ ਆਉਣ ਲਈ ਸਮੇਂ ਦੀ ਇਕ ਮਹੀਨੇ ਦੀ ਵਿੱਥ ਵੀ ਵਧੇਰੇ ਹੀ ਜਾਪਦੀ ਹੈ ਪਰ ਇਹ ਵਿੱਥ ਸੰਤੋਖ-ਜਨਕ ਜ਼ਰੂਰ ਹੈ।

ਸੰਸਾਰ ਦੇ ਜੀਵਾਂ ਦੀ ਪਾਲਣਾ ਕਰਨ ਵਾਲੇ ਮੂਲ ਸਾਧਨ ਤਿੰਨ ਹਨ : ਧਰਤੀ, ਪਾਣੀ ਤੇ ਹਵਾ। ਸ੍ਰਿਸ਼ਟੀ ਦੀ ਰਚਨਾ ਦੇ ਸਮੇਂ ਤੋਂ ਇਹ ਸਾਧਨ ਨਵੇਂ ਨਰੋਏ ਚਲੇ ਆ ਰਹੇ ਸਨ। ਮਸ਼ੀਨੀ ਸਭਿਅਤਾ ਦੀ ਉਮਰ ਸਵਾ ਦੋ ਸੌ ਸਾਲ ਹੈ। ਇਸ ਸਭਿਅਤਾ ਨੇ ਇੰਨੇ ਥੋੜ੍ਹੇ ਜਿੰਨੇ ਸਮੇਂ ਵਿਚ ਹੀ ਇਨ੍ਹਾਂ ਤਿੰਨਾਂ ਵੱਡੇ ਸਾਧਨਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਜਿਸ ਹਿਸਾਬ ਨਾਲ ਬਰਬਾਦ ਕਰ ਦਿੱਤਾ ਹੈ ਤੇ ਕਰਦੀ ਜਾ ਰਹੀ ਹੈ ਉਸ ਬਰਬਾਦੀ ਨੇ ਮਨੁੱਖ-ਜਾਤੀ ਨੂੰ ਭਾਰੇ ਸੰਕਟਾਂ ਦੇ ਕੰਢੇ ਤੇ ਲਿਆ ਦਿੱਤਾ ਹੈ ਤੇ ਜੇ ਇਨ੍ਹਾਂ ਸਾਧਨਾਂ ਦੀ ਬਰਬਾਦੀ ਉਸੇ ਹਿਸਾਬ ਨਾਲ ਵਧਦੀ ਗਈ ਜਿਸ ਹਿਸਾਬ ਨਾਲ ਇਹ ਪਿਛਲੇ ਪੈਂਤੀ ਸਾਲਾਂ ਵਿਚ ਵਧਦੀ ਰਹੀ ਹੈ ਤਾਂ ਦੋ ਕੁ ਸੌ ਸਾਲਾਂ ਤਕ ਉਹ ਸਮਾਂ ਆ ਸਕਦਾ ਹੈ ਜਦ ਪ੍ਰਾਣੀ-ਮਾਤਰ ਦੀ ਹੋਂਦ ਹੀ ਸਮਾਪਤ ਹੋਣ ਦੇ ਕੰਢੇ ਤੇ ਆ ਜਾਵੇ । ਮਸ਼ੀਨੀ ਸਭਿਅਤਾ ਤੋਂ ਪੈਦਾ ਹੋਣ ਵਾਲੀਆਂ ਬਰਬਾਦੀਆਂ ਦੀ ਇਕ ਮਿਸਾਲ ਇਹ ਹੈ ਕਿ ਜਿਸ ਹਿਸਾਬ ਨਾਲ ਭਾਰਤ ਵਿਚ ਰੁੱਖ ਵੱਢੇ ਜਾ ਰਹੇ ਹਨ ਉਸ ਹਿਸਾਬ ਨਾਲ ਸੌ ਸਾਲ ਦੇ ਸਮੇਂ ਵਿਚ ਹੀ ਭਾਰਤ ਦੀ ਸਾਰੀ ਧਰਤੀ ਰੇਤ ਦਾ ਮਾਰੂ-ਥਲ ਬਣ ਜਾਵੇਗੀ। ਉਹਨਾਂ ਸਾਰੀਆਂ ਬਰਬਾਦੀਆਂ ਨੂੰ ਪੈਦਾ ਕਰਨ ਵਾਲੇ ਸਾਰੇ ਕਾਰਨਾਂ ਦਾ ਪਤਾ ਦੁਨੀਆਂ ਦੇ ਹਰ ਬੰਦੇ ਨੂੰ ਲੱਗ ਜਾਣਾ ਚਾਹੀਦਾ ਹੈ ਤਾਂ ਜੋ ਹਰ ਬੰਦਾ ਉਹਨਾਂ ਕਿਰਿਆਵਾਂ ਨੂੰ ਕਰਨ ਅਤੇ ਉਹਨਾਂ ਵਸਤਾਂ ਨੂੰ ਵਰਤਣ ਤੋਂ ਰੁਕ ਜਾਵੇ ਜਿਨ੍ਹਾਂ ਕਿਰਿਆਵਾਂ ਨੂੰ ਕਰਨ ਅਤੇ ਜਿਨ੍ਹਾਂ ਵਸਤਾਂ ਨੂੰ ਵਰਤਣ ਨਾਲ ਧਰਤੀ ਪਾਣੀ ਤੇ ਹਵਾ ਤਬਾਹ ਹੁੰਦੇ ਹਨ। ਫੇਰ ਇਹੋ ਕਾਫੀ ਨਹੀਂ ਕਿ ਹਰ ਬੰਦਾ ਤਬਾਹੀਆਂ ਲਿਆਉਣ ਵਾਲੀਆਂ ਕਿਰਿਆਵਾਂ ਨੂੰ ਕਰਨ ਅਤੇ ਉਨ੍ਹਾਂ ਵਸਤਾਂ ਨੂੰ ਵਰਤਣ ਤੋਂ ਹਟ ਜਾਵੇ ਜਿਹੜੀਆਂ ਧਰਤੀ; ਹਵਾ ਤੇ ਪਾਣੀ ਨੂੰ ਬਰਬਾਦ ਕਰਦੀਆਂ ਹਨ ਬਲਕਿ ਇਹ ਵੀ ਜ਼ਰੂਰੀ ਹੈ ਕਿ ਦੇਸ਼ ਦਾ ਹਰ ਬੰਦਾ ਉਹਨਾਂ ਕਿਰਿਆਵਾਂ ਨੂੰ ਕਰਨ ਲੱਗ ਜਾਵੇ ਜਿਨ੍ਹਾਂ ਨੂੰ ਕਰਨ ਨਾਲ ਧਰਤੀ, ਪਾਣੀ ਤੇ ਹਵਾ ਆਪਣੀ ਪਹਿਲੀ ਨਰੋਈ ਹਾਲਤ ਤੇ ਆ ਸਕਣ।

ਪਿਛਲੇ ਪੈਂਤੀ ਸਾਲਾਂ ਵਿਚ ਜਿੰਨਾ ਰੁੱਖ ਭਾਰਤ ਵਿਚ ਵੱਢਿਆ ਗਿਆ ਹੈ ਉਤਨਾ ਰੁੱਖ ਹੋਰ ਕਿਸੇ ਦੇਸ਼ ਵਿਚ ਨਹੀਂ ਵੱਢਿਆ ਗਿਆ। ਉਸ ਵਢਾਈ ਦੇ ਕਾਰਨ ਧਰਤੀ ਦੀ ਬਹੁਤ ਬਰਬਾਦੀ ਹੋ ਚੁੱਕੀ ਹੈ, ਜੇਕਰ ਦੁਨੀਆਂ ਦੇ ਬੰਦੇ ਮਾਰੂ ਪਦਾਰਥਾਂ ਦੀ ਅੰਨ੍ਹੇ-ਵਾਹ ਵਰਤੋਂ



Sri Satguru Jagjit Singh Ji eLibrary NamdhariElibrary@gmail.com

ਨਾਲ ਇਹਨਾਂ ਤਿੰਨਾਂ ਮੁਢਲੇ ਸਾਧਨਾਂ ਨੂੰ ਹੀ ਬਰਬਾਦ ਕਰ ਦੇਣ ਤਾਂ ਫਿਰ ਇਹਨਾਂ ਵਲੋਂ ਆਪਣੀ ਮੌਤ ਦੇ ਵਾਰੰਟਾਂ ਤੇ ਦਸਤਖ਼ਤ ਕਰਨ ਵਿਚ ਕੀ ਕਸਰ ਬਾਕੀ ਰਹਿ ਜਾਂਦੀ ਹੈ ? ਪਰ ਇਹੋ ਕੁਝ ਕਰਦੇ ਹੋਏ ਦੁਨੀਆਂ ਦੇ ਬੰਦੇ ਆਪਣੀ ਭਾਰੀ ਅਗਿਆਨਤਾ ਦਾ ਪ੍ਰਗਟਾਵਾ ਕਰ ਰਹੇ ਹਨ।

ਅਮਰੀਕਾ ਦੇਸ਼ ਦੀ ਆਬਾਦੀ ਦੁਨੀਆਂ ਦੀ ਆਬਾਦੀ ਦਾ ਛੇ ਪ੍ਰਤੀਸ਼ਤ ਹਿੱਸ਼ਾ ਹੈ ਅਰਥਾਤ ਦੁਨੀਆਂ ਦੇ ਸੌ ਬੰਦਿਆਂ ਵਿਚੋਂ ਛੇ ਬੰਦੇ ਅਮਰੀਕਨ ਹਨ ਪਰ ਇਹ ਆਬਾਦੀ ਦੁਨੀਆਂ ਦੇ ਪਦਾਰਥਾਂ ਦਾ ਚਾਲੀ ਪ੍ਰਤੀਸ਼ਤ ਹਿੱਸਾ ਵਰਤ ਰਹੀ ਹੈ। ਜੇਕਰ ਭਾਰਤ ਤੇ ਚੀਨ ਦੋਹਾਂ ਦੇਸ਼ਾਂ ਦੇ ਬੰਦੇ ਵੀ ਉਹਨਾਂ ਅਮਰੀਕਾ ਦੇ ਬੰਦਿਆਂ ਵਾਂਗ ਪੈਟਰੋਲ, ਡੀਜ਼ਲ-ਤੇਲ, ਲੱਕੜ ਤੇ ਕੋਇਲੇ ਜੈਸੇ ਪਦਾਰਥਾਂ ਨੂੰ ਵਰਤ ਰਹੇ ਹੁੰਦੇ ਤਾਂ ਹੁਣ ਤਕ ਦੁਨੀਆਂ ਦਾ ਪੱਥਰ ਦਾ ਕੋਇਲਾ, ਲੱਕੜ, ਪੈਟਰੋਲ ਤੇ ਡੀਜ਼ਲ ਤੇਲ ਜੈਸੇ ਪਦਾਰਥ ਕਦੋਂ ਦੇ ਮੁੱਕ ਗਏ ਹੁੰਦੇ। ਅਮਰੀਕਾ ਦੇ ਨਿਊਯਾਰਕ ਵਰਗੇ ਸ਼ਹਿਰਾਂ ਵਿਚ ਡੀਜ਼ਲ ਪੈਟਰੋਲ ਤੇ ਕੋਇਲਾ ਐਨੀ ਵਧ ਮਾਤਰਾ ਵਿਚ ਸੜ ਰਹੇ ਹਨ ਕਿ ਉਹਨਾਂ ਤੋਂ ਪੈਦਾ ਹੋਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਦੇ ਕਾਰਨ ਉਹਨਾਂ ਸ਼ਹਿਰਾਂ ਦੇ ਬੰਦਿਆਂ ਦਾ ਹਵਾ ਵਿਚ ਸਾਹ ਲੈਣਾ ਔਖਾ ਹੁੰਦਾ ਜਾ ਰਿਹਾ ਹੈ। ਜਾਪਾਨ ਦੇਸ਼ ਦੇ ਬੱਚੇ ਤਾਂ ਖੇਡਣ ਵੇਲੇ ਆਪਣੇ ਮੂੰਹਾਂ ਤੇ ਮਾਸਕ (ਬਚਾਉ-ਪਟੀ) ਲਗਾਉਂਦੇ ਹਨ ਤਾਂ ਜੋ ਉਨ੍ਹਾਂ ਰਾਹੀਂ ਉਹ ਜ਼ਹਿਰੀਲੀ ਹਵਾ ਸਾਫ਼ ਹੋ ਕੇ ਉਹਨਾਂ ਦੇ ਫੇਫੜਿਆਂ ਵਿਚ ਜ਼ਾਵੇ।

ਦੁਨੀਆਂ ਦੀ ਆਬਾਦੀ ਵਧ ਰਹੀ ਹੈ। ਆਬਾਦੀ ਦਾ ਵਾਧਾ ਰੋਕਣ ਲਈ ਇਸਤਰੀ ਨੂੰ ਹਮਲ ਗਿਰਾਉਣ ਲਈ ਆਖਿਆ ਜਾ ਰਿਹਾ ਹੈ। ਪ੍ਰਸ਼ਨ ਤਾਂ ਇਹ ਪੈਦਾ ਹੁੰਦਾ ਹੈ ਕਿ ਜੇਕਰ ਨਵੇਂ ਜੰਮਣ ਵਾਲੇ ਬੱਚਿਆਂ ਨੂੰ ਪੈਦਾ ਹੋਣ ਤੋਂ ਰੋਕਣ ਦਾ ਇਕ ਕਾਰਨ ਧਰਤੀ ਦਾ ਰਕਬਾ ਘੇਰਨ ਵਾਲੀਆਂ ਮੋਟਰਕਾਰਾਂ ਬਣ ਜਾਣ, ਜਿਹੜੀਆਂ



Sri Satguru Jagjit Singh Ji eLibrary NamdhariElibrary@gmail.com

ਬਹੁਤ ਕਰਕੇ ਹੰਕਾਰ ਦੇ ਪ੍ਰਗਟਾਵੇ ਤੇ ਆਰਾਮ-ਤਲਬੀ ਲਈ ਹੀ ਰੱਖੀਆਂ ਜਾ ਰਹੀਆਂ ਹਨ ਤਾਂ ਮਨੁੱਖ ਜਾਤੀ ਦੀ ਇਸ ਤੋਂ ਵੱਧ ਹੋਰ ਕੀ ਮੂਰਖਤਾ ਹੋ ਸਕਦੀ ਹੈ? ਆਬਾਦੀ ਨੂੰ ਘਟਾਉਣਾ ਜ਼ਰੂਰੀ ਹੈ ਪਰ ਆਬਾਦੀ ਨੂੰ ਘਟਾਉਣ ਦਾ ਇਕ ਕਾਰਨ ਮੋਟਰਕਾਰਾਂ ਨੂੰ ਨਹੀਂ ਹੋਣ ਦੇਣਾ ਚਾਹੀਦਾ ਜਿਹੜੀਆਂ ਧਰਤੀ ਦਾ ਰਕਬਾ ਮੱਲ ਕੇ ਅਨਾਜ ਦੀ ਪੈਦਾਵਾਰ ਘਟਾਉਣ ਦਾ ਕਾਰਨ ਬਣ ਰਹੀਆਂ ਹਨ। ਮਹਿਰਿਸ਼ੀ ਰਾਬਿੰਦਰਾ ਨਾਥ ਟੈਗੋਰ ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਦੇ ਗਿਣਤੀ ਦੇ ਪੰਜਾਂ ਛੇਆਂ ਮਹਾਂਪੁਰਸ਼ਾਂ ਵਿਚੋਂ ਇਕ ਹੋਇਆ ਹੈ, ਜਿਸ ਦੀ ਪੁਸਤਕ "ਗੀਤਾਂਜਲੀ' ਨੇ ਉਸ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਨੋਬਲ ਪੁਰਸਕਾਰ ਦਿਵਾਇਆ ਸੀ। ਉਸ ਪੁਸਤਕ ਨੇ ਉਸ ਮਹਾਂਪੁਰਸ਼ ਦਾ ਨਾਮ ਦੁਨੀਆਂ ਵਿਚ ਰੌਸ਼ਨ ਕਰ ਦਿੱਤਾ ਹੋਇਆ ਹੈ। ਉਹ ਮਹਾਂਪੁਰਸ਼ ਆਪਣੇ ਮਾਤਾ ਪਿਤਾ ਦਾ ਸਤਵਾਂ ਬੱਚਾ ਸੀ। ਜੇਕਰ ਉਸ ਮਹਾਂਪੁਰਸ਼ ਨੂੰ ਇਸ ਲਈ ਨਾ ਜੰਮਣ ਦਿਤਾ ਜਾਵੇ ਕਿਉਂਕਿ ਮੋਟਰਕਾਰਾਂ ਖੜ੍ਹੀਆਂ ਕਰਨ ਲਈ ਬਹੁਤ ਸਾਰੀ ਧਰਤੀ ਮੱਲ ਲਈ ਗਈ ਹੈ ਜਿਸ ਦੇ ਕਾਰਨ ਅੰਨ ਘੱਟ ਪੈਦਾ ਹੋ ਰਿਹਾ ਹੈ ਤਾਂ ਫਿਰ ਇਸ ਤੋਂ ਵੱਧ ਦੁਨੀਆਂ ਦਾ ਪਾਗਲਪਨ ਹੋਰ ਕੀ ਹੋ ਸਕਦਾ ਹੈ? ਇਸ ਵੇਲੇ ਕੈਨੇਡਾ ਜੈਸੇ ਦੇਸ਼ਾਂ ਵਿਚ ਮੋਟਰਕਾਰਾਂ ਦੀ ਦੁਰ-ਵਰਤੋਂ ਬਾਰੇ ਇਹ ਖ਼ਿਆਲ ਪੈਦਾ ਹੋ ਰਿਹਾ ਹੈ ਕਿ ਵੀਹ ਤੀਹ ਜਾਂ ਪੰਜਾਹ ਸਾਲਾਂ ਪਿਛੋਂ ਲੋਕ ਹੈਰਾਨ ਹੋਣਗੇ ਕਿ ਲੋਕਾਂ ਨੇ ਹੰਕਾਰ ਦੇ ਪ੍ਰਗਟਾਵੇ ਤੇ ਆਰਾਮ-ਤਲਬੀ ਲਈ ਮੋਟਰਕਾਰਾਂ ਦੀ ਦੁਰ-ਵਰਤੋਂ ਕਿਉਂ ਕੀਤੀ ਅਤੇ ਦੁਨੀਆਂ ਦੇ ਸਾਧਾਰਨ ਲੋਕਾਂ ਨੇ ਐਨੀ ਦੁਰ-ਵਰਤੋਂ ਕਿਉਂ ਜਰੀ? ਮੇਰੇ ਦਿਲ ਵਿਚ ਖ਼ਿਆਲ ਆਉਂਦਾ ਰਹਿੰਦਾ ਹੈ ਕਿ ਮੈਂ ਅਜਿਹੇ ਜਲੂਸ ਕਢਾਉਣੇ ਸ਼ੁਰੂ ਕਰ ਦੇਵਾਂ ਜਿਨ੍ਹਾਂ ਵਿਚ ਇਹ ਨਾਹਰੇ ਲੱਗਣ ਕਿ ਕੋਈ ਬੰਦਾ ਭਾਵੇਂ ਕਿੱਡਾ ਵੱਡਾ ਅਮੀਰ ਜਾਂ ਕਿੱਡਾ ਵੱਡਾ ਵਜ਼ੀਰ ਜਾਂ ਸਰਕਾਰੀ ਅਫ਼ਸਰ ਹੋਵੇ, ਉਹ ਆਪਣੇ



Sri Satguru Jagjit Singh Ji eLibrary NamdhariElibrary@gmail.com

ਵਡੱਪਣ ਦੇ ਪ੍ਰਗਟਾਵੇ ਤੇ ਆਰਾਮ ਤਲਬੀ ਲਈ ਮੋਟਰਕਾਰਾਂ ਨਾ ਵਰਤੇ–ਇਹ ਅੰਨ ਪੈਦਾ ਕਰਨ ਵਾਲੀ ਧਰਤੀ ਨੂੰ ਰੋਕ ਰਹੀਆਂ ਹਨ। ਪੈਟਰੋਲ ਦੀ ਕੀਮਤ ਦੇ ਰੂਪ ਵਿਚ ਸੰਨ ੧੯੯੧-੯੨ ਵਿਚ ੬੦੦ ਅਰਬ ਰੁਪੈ ਅਰਬ ਦੇਸ਼ਾਂ ਨੂੰ ਵਿਦੇਸ਼ੀ ਮੁਦਰਾਂ ਵਿਚ ਭੇਜਣੇ ਪਏ ਹਨ। ਗੁਰੂ ਨਾਨਕ ਦੇਵ ਜੀ ਨਾਲੋਂ ਦੁਨੀਆਂ ਦਾ ਕਿਹੜਾ ਬੰਦਾ ਵੱਡਾ ਹੋਇਆ ਹੋਵੇਗਾ ਜਿਨ੍ਹਾਂ ਨੇ ਆਪਣੀ ਸਾਰੀ ਉਮਰ ਪੈਦਲ ਤੁਰਨ ਵਿਚ ਹੀ ਗੁਜ਼ਾਰ ਦਿੱਤੀ। ਮੈਂ ਸੋਚਦਾ ਹਾਂ ਕਿ ਚੰਗਾ ਹੋਇਆ ੨੦ ਸਾਲਾਂ ਤੋਂ ਵਧੇਰੇ ਸਮਾਂ ਦੇਸ਼ ਤੇ ਦੁਨੀਆਂ ਦੀ ਪੈਦਲ ਯਾਤ੍ਰਾ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਮੋਟਰਕਾਰਾਂ ਦਾ ਯੁੱਗ ਆਰੰਭ ਹੋਣ ਤੋਂ ਪਹਿਲਾਂ ਹੀ ਆਪਣੀ ਸੰਸਾਰੀ ਯਾਤਰਾ ਕਰ ਗਏ ਹਨ। ਮੋਟਰਕਾਰਾਂ ਹੇਠਾਂ ਮਰਨ ਵਾਲੇ ਬੰਦੇ ਬਹੁਤੇ ਪੈਦਲ ਤੁਰਨ ਵਾਲੇ ਹੀ ਹੁੰਦੇ ਹਨ। ਦਿੱਲੀ ਵਰਗੇ ਵੱਡੇ ਵੱਡੇ ਸ਼ਹਿਰਾਂ ਦੀਆਂ ਸੜਕਾਂ ਦੇ ਕੰਢਿਆਂ ਦੀ ਉਹ ਪਟੜੀ ਜਿਹੜੀ ਪੈਦਲ ਤੁਰਨ ਵਾਲੇ ਬੰਦਿਆਂ ਲਈ ਬਣੀ ਹੁੰਦੀ ਹੈ, ਘਟਦੀ ਘਟਦੀ ਐਨੀ ਘਟ ਗਈ ਹੈ ਕਿ ਦੋ ਬੰਦੇ ਆਹਮੋ-ਸਾਹਮਣੇ ਤਾਂ ਨਹੀਂ ਚਲ ਸਕਦੇ ਕਿਉਂਕਿ ਜਨਤਾ ਵਿਚ ਮੋਟਰਕਾਰਾਂ ਰੱਖਣ ਦਾ ਪਾਗ਼ਲਪਨ ਹੱਦ ਤੋਂ ਵਧ ਚੁੱਕਿਆ ਹੈ।

ਵਰਤਮਾਨ ਕਾਲ ਦੇ ਅਰਥ–ਸ਼ਾਸਤਰ ਤੇ ਸਮਾਜ-ਸ਼ਾਸਤਰ ਦੇ ਸੰਸਾਰ ਪ੍ਰਸਿੱਧ ਵਿਦਵਾਨ ਡਾਕਟਰ ਗੁਨਰ ਮਿਰਡਲ (**Gunnar myrdal**) ਦਾ ਕਥਨ ਹੈ ਕਿ ਸੜਕਾਂ ਉਪਰ ਮੋਟਰਕਾਰਾਂ ਦੀ ਆਵਾਜਾਈ ਨੂੰ ਮਰਯਾਦਾ ਵਿਚ ਰੱਖਣ ਲਈ ਜਿਹੜੇ ਸਿਪਾਹੀ ਸੜਕਾਂ ਤੇ ਖਲੋਤੇ ਹੁੰਦੇ ਹਨ ਉਹਨਾਂ ਦੀ ਤਨਖਾਹ ਵੀ ਮੋਟਰਕਾਰਾਂ ਦੇ ਮਾਲਕਾਂ ਤੋਂ ਲੈਣੀ ਚਾਹੀਦੀ ਹੈ ਤੇ ਸੜਕਾਂ ਦੀ ਮੁਰੰਮਤ ਦੇ ਖ਼ਰਚੇ ਦਾ ਬਹੁਤ ਸਾਰਾ ਹਿੱਸਾ ਵੀ ਉਹਨਾਂ ਤੋਂ ਹੀ ਲੈਣਾ ਚਾਹੀਦਾ ਹੈ। ਪਰ ਮੋਟਰਕਾਰਾਂ ਵਾਲੇ ਬੰਦੇ ਬਹੁਤ ਕਰ ਕੇ ਰਾਜਸੀ ਤਾਕਤ



Sri Satguru Jagjit Singh Ji eLibrary NamdhariElibrary@gmail.com

ਵਾਲੇ ਬੰਦੇ ਹੁੰਦੇ ਹਨ ਜਾਂ ਰਾਜਸੀ ਤਾਕਤ ਵਾਲੇ ਬੰਦਿਆਂ ਨੂੰ ਆਪਣੇ ਧਨ ਦੀ ਸ਼ਕਤੀ ਨਾਲ ਮਨ-ਭਾਉਂਦੇ ਕਾਨੂੰਨ ਬਣਾਉਣ ਲਈ ਮਜਬੂਰ ਕਰਨ ਵਾਲੇ ਹੁੰਦੇ ਹਨ। ਸੰਨ ੧੯੧੨-੧੩ ਦੇ ਲਾਗੇ ਜਦ ਮੈਨੂੰ ਕਿਸੇ ਮਹਾਰਾਜੇ ਦੀ ਮੋਟਰਕਾਰ ਦੇ ਪਹਿਲੀ ਵਾਰ ਦਰਸ਼ਨ ਹੋਏ ਹੋਣਗੇ ਤਾਂ ਮੈਂ ਰੱਬ ਨੂੰ ਤੜਫਦੇ ਹਿਰਦੇ ਨਾਲ ਅਰਦਾਸ ਕੀਤੀ ਹੋਵੇਗੀ ਕਿ ਰੱਬਾ ਮੈਨੂੰ ਮੋਟਰਕਾਰ ਵਾਲਾ ਬਣਾਈਂ ਪਰ ਜਦ ਮੈਂ ਆਪਣੀ ੨੮ ਸਾਲ ਦੀ ਉਮਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਲੰਗਰ ਦੇ ਆਸਰੇ ਇੰਗਲੈਂਡ ਦੇਸ਼ ਦੇ ਮਾਸਿਕ-ਪੱਤਰ (New Health) ਨਿਊ ਹੈਲਥ ਵਿਚ ਪੜ੍ਹਿਆ ਕਿ ਮੋਟਰਕਾਰ ਦੇ ਧੂਏਂ 'ਚੋਂ ਦੁਨੀਆਂ ਦੀ ਸਭ ਤੋਂ ਵਧ ਜ਼ਹਿਰੀਲੀ ਗੈਸ ਕਾਰਬਨ-ਮਾਨੋ-ਆਕਸਾਈਡ ਨਿਕਲਦੀ ਹੈ ਜਿਹੜੀ ਬੰਦੇ ਦੇ ਫੇਫੜਿਆਂ ਨੂੰ ਖਾਂਦੀ ਹੈ ਅਤੇ ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਜਿਹੜਾ ਸਿਪਾਹੀ ਤਿੰਨ ਘੰਟੇ ਕਿਸੇ ਵੀ ਚੌਂਕ ਵਿਚ ਖਲੋ ਕੇ ਮੋਟਰਕਾਰਾਂ ਦੀ ਆਵਾਜਾਈ ਨੂੰ ਸੜਕ ਦੇ ਨਿਯਮਾਂ ਦੀ ਮਰਯਾਦਾ ਵਿਚ ਰੱਖਣ ਦੀ ਨਿਗਰਾਨੀ ਕਰਦਾ ਹੈ ਇਤਨੇ ਸਮੇਂ ਵਿਚ ਹੀ ਉਸ ਦੇ ਲਹੂ ਦੇ ਅੰਦਰ ਕਾਰਬਨ-ਮਾਨੋ ਆਕਸਾਈਡ ੪ ਪ੍ਰਤੀਸ਼ਤ ਹੋ ਜਾਂਦੀ ਹੈ ਜਦ ਕਿ ਆਮ ਹਾਲਤ ਵਿਚ ਮਨੁੱਖ ਦੇ ਸਰੀਰ ਅੰਦਰ ਕਾਰਬਨ-ਮਾਨੋਆਕਸਾਈਡ ਕੇਵਲ ਨਾ ਹੋਇਆਂ ਜਿੰਨੀ ਥੋੜ੍ਹੀ ਹੁੰਦੀ ਹੈ ਤਾਂ ਮੈਂ ਉਸ ਵੇਲੇ ਸੋਚ ਲਿਆ ਸੀ ਕਿ ਮੋਟਰਕਾਰਾਂ ਰੱਖਣ ਦਾ ਚਾਉ ਗਲਤ ਹੈ। ਮੈਨੂੰ ਕਿਸੇ ਵੇਲੇ ਮੋਟਰਕਾਰ ਤੇ ਚੜ੍ਹਨਾ ਪੈਂਦਾ ਹੈ ਪਰ ਮੈਂ ਬੜੇ ਦੁਖੀ ਹਿਰਦੇ ਨਾਲ ਹੀ ਉਸ ਤੇ ਚੜ੍ਹਿਆ ਕਰਦਾ ਹਾਂ। ਪ੍ਰਾਣੀ-ਮਾਤਰ ਲਈ ਮੋਟਰਕਾਰਾਂ ਨੇ ਪੈਰ ਪੈਰ ਤੇ ਖ਼ਤਰੇ ਪੈਦਾ ਕਰ ਦਿੱਤੇ ਹਨ। ਗੁਰਦੁਆਰੇ ਵਾਹਿਗੁਰੂ ਦੇ ਘਰ ਹਨ। ਵਾਹਿਗੁਰੂ ਦੇ ਘਰਾਂ ਤੋਂ ਦੁਨੀਆਂ ਦੇ ਬੰਦਿਆਂ ਨੂੰ ਅਨੇਕ ਪ੍ਰਕਾਰ ਦੇ ਖ਼ਤਰਿਆਂ ਦਾ ਗਿਆਨ ਮਿਲਦਾ ਹੁੰਦਾ ਹੈ। ਗੁਰਦੁਆਰਿਆਂ ਦੇ ਆਸਰੇ ਮੈਂ ਆਪਣੀ ੧੭ ਮਾਰਚ ੧੯੮੭ ਦੀ ੮੪ ਸਾਲ ਦੀ



Sri Satguru Jagjit Singh Ji eLibrary NamdhariElibrary@gmail.com

ਉਮਰ ਤਕ ਅਖ਼ਬਾਰਾਂ ਤੇ ਪੁਸਤਕਾਂ ਦੀ ਪੜ੍ਹਾਈ ਦੁਆਰਾ ਦੇਸ਼ ਤੇ ਦੁਨੀਆਂ ਦੀਆਂ ਅਨੇਕ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਗਿਆਨ ਪ੍ਰਾਪਤ ਕੀਤਾ ਹੈ। ਉਸ ਸਾਰੇ ਗਿਆਨ ਨੂੰ ਮੈਂ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਜਨਤਾ ਵਿਚ ਖਿਲਾਰ ਰਿਹਾ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਭਾਰਤ ਉਤੇ ਹਮਲੇ ਸਮੇਂ ਭਾਰਤ ਵਾਸੀਆਂ ਨੂੰ ਹੇਠ ਲਿਖੇ ਸ਼ਬਦ ਨਾਲ ਤਾੜਿਆ ਸੀ।

"ਅਗੋ ਦੇ ਜੇ ਚੇਤਿਐ ਤਾ ਕਾਇਤ ਮਿਲੈ ਸਜਾਇ ॥"

ਅਰਥਾਤ–ਜੇਕਰ ਵਾਹਿਗੁਰੂ ਨੂੰ ਯਾਦ ਰਖਦੇ ਹੋਏ ਭਾਰਤ ਦੇ ਬੰਦੇ ਦੇਸ਼ ਤੇ ਦੁਨੀਆਂ ਦੇ ਹਾਲਾਤ ਨੂੰ ਠੀਕ ਰਖਣ ਅਤੇ ਅਨੇਕ ਪ੍ਰਕਾਰ ਦੇ ਖਤਰਿਆਂ ਤੋਂ ਆਪਣੇ ਆਪ ਨੂੰ ਬਚਾਉਣ ਦਾ ਗਿਆਨ ਤੇ ਸ਼ਕਤੀ ਰਖਣ ਵਾਲੇ ਹੁੰਦੇ ਤਾਂ ਉਹਨਾਂ ਨੂੰ ਬਾਬਰ ਦੇ ਹਮਲੇ ਦੀ ਸਜ਼ਾ ਨਾ ਮਿਲਦੀ।

ਦੇਸ਼ ਤੇ ਦੁਨੀਆਂ ਵਿਚ ਅਨੇਕ ਪ੍ਰਕਾਰ ਦੇ ਨਵੇਂ ਖਤਰੇ ਪੈਦਾ ਹੋ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਰ ਲਿਖਿਆ ਸ਼ਬਦ ਸਿਖਾਂ ਨੂੰ ਚਿਤਾਵਨੀ ਦੇ ਰਿਹਾ ਹੈ ਕਿ ਤੁਸੀਂ ਆਪਣੇ ਮਹਾਨ ਤੀਰਥ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦੁਨੀਆਂ ਦੇ ਕੋਨੇ ਕੋਨੇ ਤੋਂ ਆਉਣ ਵਾਲੇ ਯਾਤਰੂਆਂ ਨੂੰ ਖਤਰਿਆਂ ਤੋਂ ਬਚਣ ਦਾ ਗਿਆਨ, ਇਸ਼ਤਿਹਾਰਾਂ, ਕਿਤਾਬਚਿਆਂ, ਪੁਸਤਕਾਂ, ਬੋਰਡਾਂ ਦੁਆਰਾ ਦੇਵੋ ਤਾਂ ਜੋ ਇਹ ਰੱਬ ਦਾ ਘਰ ਦੁਨੀਆਂ ਦੇ ਬੰਦਿਆਂ ਨੂੰ ਹਰ ਪ੍ਰਕਾਰ ਦੇ ਖ਼ਤਰਿਆਂ ਤੋਂ ਬਚਾਉਣ ਲਈ ਆਪਣਾ ਕਰਤਵ ਪੂਰਾ ਕਰ ਸਕੇ। ਅਜਿਹਾ ਦਸਵੰਧ ਕਢਣ ਨਾਲ ਹੀ ਹੋ ਸਕਦਾ ਹੈ। ਸਿੱਖ ਦਾ ਕੀ ਕਰਤਵ ਹੈ ? ਇਸ ਦਾ ਪਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ :

"ਤਨ ਮਨ ਧਨ ਸਭ ਸਉਪ ਗੁਰ ਕਉ
ਹੁਕਮ ਮੰਨਿਆ ਪਾਈਐ ॥"

ਤੋਂ ਲਗ ਸਕਦਾ ਹੈ। ਪ੍ਰਿੰਸੀਪਲ ਜੋਧ ਸਿੰਘ ਨੇ ਕਿਹਾ ਸੀ ਕਿ ਦਸਵੰਧ ਕਢਣਾ ਵੀ ਸ਼ਹੀਦੀ ਹੈ।



Sri Satguru Jagjit Singh Ji eLibrary NamdhariElibrary@gmail.com

# ਰੱਬ ਦਾ ਸੱਦਾ

ਪ੍ਰਾਣੀ-ਮਾਤਰ ਦੀ ਸੇਵਾ ਲਈ ਰੱਬ ਦੀ ਆਵਾਜ਼ ਹਰ ਮਨੁੱਖ ਦੇ ਅੰਦਰ ਉਠਦੀ ਰਹਿੰਦੀ ਹੈ, ਭਾਵੇਂ ਸੁਣਦਾ ਇਸ ਨੂੰ ਵਿਰਲਾ ਹੀ ਹੈ।

"ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥"

(ਸ੍ਰੀ ਗੁਰੂ ਨਾਨਕ ਦੇਵ ਜੀ)

## "Brother, whoever dwelleth on his Name heareth the Voice of God within himself."

(Guru Nanak Dev Ji)

**This is the 'Pause-line' in the following hymn of Guru Nanak Dev ji :**

'ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥ ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥ ੧ ॥ ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥ ੧ ॥ ਰਹਾਉ ॥ ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥ ੨ ॥ ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥ ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥ ੪ ॥ ੫ ॥ ੭ ॥'

(ਪੰਨਾ ੭੩੦)

**The Yogi practiseth the Yoga, the enjoyer of sensual pleasures reveleth in these pleasures, and the man given to austerities practiseth and washeth himself at the pilgrim places, (All of**



Sri Satguru Jagjit Singh Ji eLibrary NamdhariElibrary@gmail.com

them are pursuing courses according to the nations and the trends of their own minds and not listening to the Voice of the Lord within). But brother, whoever dwelleth on his Name heareth His Voice within himself. Whatever one soweth that one reapeth and whatever one earneth that one eateth. But if one goeth Thither, with Certificate (Passport) of the Name one hath no accounts to render. One is known there as are one's deeds; the breath that goeth without cherishing the Lord goeth in vain. Of no worth is this body if it enshrineth not the Lord's True Name and I would sell this body off to any one prepared to buy it.

The essence of the "Pause-line" given above is that every man has a soul which itself is the Light of God and this Light always provides guidance to whosoever is willing to hear it and pay its price too. The Divinity informs all beings and is also within everybody's reach but one must work constantly through dwelling on him to attain it, One must retire within oneself and listen in quiet contemplation the Voice that speaks perpetually.

'ਸਚੇ ਸੱਦਾ ਸਦੜਾ ਸੁਣੀਐ ਗੁਰ ਵੀਚਾਰਿ ॥'

(ਮਾਰੂ ਮਹਲਾ ੧)

His Voice can be heard by reflecting on the Guru's Wisdom."



Sri Satguru Jagjit Singh Ji eLibrary NamdhariElibrary@gmail.com

Purity of mind is the first condition to qualify for a true inner guidance :

"ਸੁਚਿ ਹੋਵੈ ਤਾ ਸਚੁ ਪਾਈਐ ॥"

(ਆਸਾ ਮਹਲਾ ੧)

"Truth is realised through the purity of the soul." (Guru Nanak in Asa)

The rest of the hymn elaborates how people go about following the trends of their own minds and do not care to listen to the True Voice within. In this category are included not only worldly men running after sense enjoyments but also seekers practising Yoga austerities and meditations. The pursuits may be well intentioned but these are often wrongly directed, revolving round the self, and therefore produce no results. In consequence, the law of Karma goes on taking its toll. Let all remember that life lived without recognising the will of God is lived in vain.

"ਤੇਰਾ ਸਦੜਾ ਸੁਣੀ ਜੈ ਭਾਈ ਜੇ ਕੋ ਬਹੈ ਅਲਾਇ ॥"

(ਸ੍ਰੀ ਗੁਰੂ ਨਾਨਕ ਦੇਵ ਜੀ)

ਰਹਾਉ ਦੀ ਤੁਕ ਨੂੰ ਪੰਜਾਬੀ ਵਿਚ ਇਉਂ ਸਮਝਾਇਆ ਜਾ ਸਕਦਾ ਹੈ :-

"ਹਰ ਇਨਸਾਨ ਲਈ ਪ੍ਰਮਾਤਮਾ ਦੇ ਸੱਦੇ ਸਮੇਂ ਸਮੇਂ ਆਉਂਦੇ ਰਹਿੰਦੇ ਹਨ ਤੇ ਹਰ ਕੋਈ ਉਨ੍ਹਾਂ ਨੂੰ ਸੁਣ ਵੀ ਸਕਦਾ ਹੈ ਜੇ ਉਹ ਨੇਕ ਨੀਅਤ ਨਾਲ ਹਰੀ ਨੂੰ ਚੇਤੇ ਕਰੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਲੇ ਸ਼ਬਦ ਦੀ ਮਹਾਨਤਾ ਹਰ ਮਨੁੱਖ ਲਈ ਹੈ ਪਰ ਇਸ ਨੂੰ ਸਮਝਦਾ ਕੋਈ ਉਹੀ ਹੈ ਜਿਸ ਨੇ



Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਯੋਗਤਾ ਪ੍ਰਾਪਤ ਕੀਤੀ ਹੋਵੇ, ਜੋ ਆਪਣੇ ਆਪ ਨੂੰ ਪ੍ਰਮਾਤਮਾ ਦੇ ਹਵਾਲੇ ਕਰ ਦੇਵੇ, ਜੋ ਉਸ ਦਾ ਹੁਕਮੀ ਸੇਵਕ ਹੋ ਜਾਵੇ। ਇਹ ਸ਼ਬਦ ਰਹਿੰਦੀ ਦੁਨੀਆਂ ਤਕ ਹੋਸ਼ ਸੰਭਾਲਣ ਵਾਲੇ ਸੰਸਾਰ ਦੇ ਹਰ ਮਨੁੱਖ ਨੂੰ ਝੰਜੋੜਦਾ ਰਹੇਗਾ ਕਿ ਉਸ ਪਾਸੋਂ ਕੀ ਮੰਗ ਕਰ ਰਹੇ ਹਨ ਤੇ ਉਹ ਉਸ ਮੰਗ ਨੂੰ ਪੂਰਾ ਕਰਨ ਲਈ ਤਿਆਰ ਹੈ ਜਾਂ ਨਹੀਂ, ਭਾਵੇਂ ਉਸ ਨੂੰ ਅਜਿਹਾ ਕਰਨ ਲਈ ਕਿੰਨੀਆਂ ਔਖੀਆਂ ਤੋਂ ਔਖੀਆਂ ਘਾਲਾਂ ਘਾਲਣੀਆਂ ਪੈਂਦੀਆਂ ਹੋਣ।

ਸੰਸਾਰ ਦੇ ਇਤਿਹਾਸ ਵਿਚ ਅਨੇਕਾਂ ਨੌਜਵਾਨ ਇਹੋ ਜਿਹੇ ਹੋਏ ਹਨ ਜਿਨ੍ਹਾਂ ਨੇ ਸੱਦਾ ਆਉਣ ਤੇ ਘਰ-ਬਾਰ ਵੀ ਸਦਾ ਲਈ ਤਿਆਗ ਦਿੱਤੇ ਤੇ ਸੇਵਾ ਦੇ ਮੈਦਾਨ ਵਿਚ ਕੁੱਦ ਪਏ। ਕਈਆਂ ਹਿੰਮਤੀ ਇਸਤ੍ਰੀਆਂ ਨੇ ਵੀ ਪਰਉਪਕਾਰ ਦੀ ਖ਼ਾਤਰ ਆਪਣੀ ਜਵਾਨੀ ਦੇ ਆਰੰਭ ਤੋਂ ਹੀ ਆਪਣਾ ਜੀਵਨ ਅਰਪਨ ਕਰ ਦਿੱਤਾ, ਏਥੋਂ ਤਕ ਕਿ ਵਿਆਹ ਵੀ ਨਾ ਕਰਾਇਆ, ਉਨ੍ਹਾਂ ਵਿਚੋਂ ਇਕ ਇਸਤਰੀ ਇੰਗਲੈਂਡ ਦੀ ਫਲੋਰੈਂਸ ਨਾਈਟਿੰਗੇਲ ਹੋਈ ਹੈ। ਜਿਸ ਨੇ ਆਪਣੀ ਚੜ੍ਹਦੀ ਜਵਾਨੀ ਵਿਚ ਹੀ ਰੋਗੀਆਂ ਦੀ ਸੇਵਾ ਸੰਭਾਲ ਦਾ ਕੰਮ ਚੁੱਕ ਲਿਆ ਸੀ ਕਿਉਂਕਿ ਉਸ ਵੇਲੇ ਜੰਗ ਦੇ ਕਾਰਨ ਇਸ ਦੀ ਖ਼ਾਸ ਲੋੜ ਸੀ। ਉਸ ਨੇ ਵੇਖਿਆ ਸੀ ਕਿ ਉਸ ਦੇ ਦੇਸ਼ ਦੇ ਜੰਗ ਦੇ ਮਹਿਕਮੇ ਦੇ ਅਫ਼ਸਰ ਜੰਗ ਦੇ ਜ਼ਖਮੀਆਂ ਦੀ ਦੁਰਦਸ਼ਾ ਹੁੰਦੀ ਵੇਖ ਕੇ ਉਸ ਨੇ ਫੈਸਲਾ ਕਰ ਲਿਆ ਸੀ ਕਿ ਉਹ, ਕੁਝ ਬੀਬੀਆਂ ਦਾ ਜਥਾ ਬਣਾ ਕੇ ਜੰਗ ਦੇ ਜ਼ਖਮੀਆਂ ਦੀ ਸੇਵਾ ਸੰਭਾਲ ਕਰੇਗੀ। ਜਿਸ ਵੈਰਾਗ ਨਾਲ ਉਸ ਨੇ ਇਸ ਕੰਮ ਲਈ ਜੀਵਨ ਅਰਪਨ ਕੀਤਾ ਸੀ, ਉਸ ਨੂੰ ਉਸ ਨੇ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਹੈ :–

**Florence Nightingale wanted to get away from all this painted and powdered artificiality. She wanted to come to grip with life, To know real people in their real moments of suffering. She says.**



Sri Satguru Jagjit Singh Ji eLibrary NamdhariElibrary@gmail.com

"ਮੇਰਾ ਮਨ ਬਨਾਉਟੀ ਵਿਖਾਵੇ ਦੇ ਜੀਵਨ ਤੋਂ ਉਕਤਾਅ ਗਿਆ ਹੈ। ਮੈਂ ਹੁਣ ਜ਼ੀਵਨ ਨਾਲ ਦੋ ਹੱਥ ਕਰਨਾ ਚਾਹੁੰਦੀ ਹਾਂ। ਮੈਂ ਅਸਲ ਲੋਕਾਂ ਦੇ ਦਰਸ਼ਨ ਉਨ੍ਹਾਂ ਦੇ ਦੁੱਖ ਭਰੇ ਹਕੀਕੀ ਪਲਾਂ ਵਿਚ ਕਰਨਾ ਚਾਹੁੰਦੀ ਹਾਂ ਜਦੋਂ ਕਿ ਉਹ ਦੁੱਖਾਂ ਵਿਚੋਂ ਲੰਘ ਰਹੇ ਹੁੰਦੇ ਹਨ।"

In 1850 she (Florence Nightingale) wrote in her diary, "I am thirty now—the age at which Christ began His mission.......No more childish things, no more vain things, no more love, no more marriage,"

"Father, mother, I am going to be a nurse."

"Why, you are insane !"

"May be, I am All I can say is, thank God for my insanity"—From the book LIVING BIOGRAPHIES OF FAMOUS WOMEN By Henry Thomas and Dana Lee Thomas—W. H. Allen London 1959—Page 313 'Printed in the United States of America,

੧੮੫੦ ਵਿਚ ਫਲੋਰੈਂਸ ਨੇ ਆਪਣੀ ਡਾਇਰੀ (ਰੋਜ਼ਨਾਮਚੇ) ਵਿਚ ਇਉਂ ਲਿਖਿਆ ਸੀ:-'ਹੁਣ ਮੈਂ ਤੀਹਾਂ ਸਾਲਾਂ ਦੀ ਹੋ ਗਈ ਹਾਂ-ਇਹੋ ਹੀ ਉਮਰ ਸੀ ਈਸਾ ਜੀ ਦੀ ਜਦੋਂ ਉਨ੍ਹਾਂ ਆਪਣੇ ਮਿਸ਼ਨ ਦਾ ਆਰੰਭ ਕੀਤਾ ਸੀ-ਤੇ ਮੈਂ ਵੀ ਹੁਣ ਬੱਚਿਆਂ ਵਾਲੀਆਂ ਗੱਲਾਂ ਹੋਰ ਨਹੀਂ ਕਰਾਂਗੀ, ਫੋਕਟ ਗੱਲਾਂ ਵਿਚ ਹੋਰ ਨਹੀਂ ਪਵਾਂਗੀ, ਨਾ ਹੋਰ ਪਿਆਰ ਪੀਂਘਾਂ ਪੈਣਗੀਆਂ ਤੇ ਨਾ ਮੇਰਾ ਵਿਆਹ ਹੀ ਹੋਵੇਗਾ। ਹੇ ਮੇਰੀ ਮਾਤਾ, ਹੇ ਮੇਰੇ ਪਿਤਾ, ਮੈਂ ਹੁਣ ਨਰਸ ਬਨਣ ਲੱਗੀ ਹਾਂ।" (ਮਾਤਾ ਪਿਤਾ ਨੇ ਹੈਰਾਨ ਹੋ ਕੇ ਆਖਿਆ) "ਇਹ ਕਿਉਂ? ਤੂੰ ਤਾਂ ਪਗਲੀ ਹੋ ਗਈ ਹੈਂ।" (ਫਲੋਰੈਂਸ ਦਾ ਉੱਤਰ) "ਹਾਂ ਸ਼ਾਇਦ ਮੈਂ ਪਾਗਲ ਹੀ ਹਾਂ। ਪਰ ਮੈਂ ਇਹ ਹੀ ਕਹਿ ਸਕਦੀ ਹਾਂ ਕਿ ਮੈਂ ਪ੍ਰਮਾਤਮਾ ਦਾ ਸ਼ੁਕਰ ਕਰਦੀ ਹਾਂ ਕਿ ਉਸ ਨੇ ਮੈਨੂੰ ਅਜਿਹਾ



Sri Satguru Jagjit Singh Ji eLibrary NamdhariElibrary@gmail.com

ਪਾਗਲਪਨ ਦਿੱਤਾ ਹੈ।' ਮਿਸ਼ਨ-ਅਰਥਾਤ ਧਰਮ ਦਾ ਪ੍ਰਚਾਰ-ਦੁਨੀਆਂ ਲਈ ਆਪਣੇ ਸੁਨੇਹੇ ਦਾ ਪ੍ਰਚਾਰ।

The journal of the Youngmen of India, Burma and Ceylon Christian Association writes :

Youngmen, fortunately for you things of the world are out of Joint. The youngmen who will come perfect will be objects of pity, children of sorrow, disinherited of action and adventure.

ਨੌਜਵਾਨੋ, ਤੁਸੀਂ ਵਡਭਾਗੀ ਹੋ ਕਿ ਅੱਜ ਦੀ ਦੁਨੀਆਂ ਉਥਲ-ਪੁਥਲ ਹੋਈ ਪਈ ਹੈ। (ਇਹ ਤੁਹਾਡੇ ਲਈ ਅਵਸਰ ਹੈ, ਇਸ ਨੂੰ ਦਰੁਸਤ ਕਰਨ ਦਾ ਤੇ ਇਸ ਤਰ੍ਹਾਂ ਆਪਣੇ ਆਪ ਨੂੰ ਵੀ ਘੜਨ ਬਨਾਣ ਦਾ)। ਜਦ ਇਹ ਦੁਨੀਆਂ ਹਰ ਤਰ੍ਹਾਂ ਸੰਪੂਰਨ ਹੋ ਜਾਏਗੀ ਤਾਂ ਉਸ ਸਮੇਂ ਜੰਮਣ ਵਾਲੇ ਬੱਚਿਆਂ ਦੀ ਹਾਲਤ ਤਰਸ-ਯੋਗ ਹੋ ਜਾਏਗੀ। ਉਹ ਇਕ ਤਰ੍ਹਾਂ ਦੁੱਖ ਵਿਚ ਹੀ ਜੀਵਨ-ਸਮਾਂ ਗੁਜ਼ਾਰਨਗੇ। (ਉਹਨਾਂ ਦਾ ਜੀਵਨ ਦਿਲਸਚਪੀ ਰਹਿਤ, ਰੁੱਖਾ, ਫਿੱਕਾ ਤੇ ਬੇਸੁਆਦਾ ਹੋਵੇਗਾ) ਉਹ ਇਸ ਲਈ ਕਿ ਉਹਨਾਂ ਦੇ ਵਿਰਸੇ ਵਿਚ ਸਰਗਰਮ ਤੇ ਜਾਨਬਾਜ਼ੀ ਦੇ ਕੰਮ ਨਹੀਂ ਰਹਿ ਜਾਣਗੇ। ਇਨ੍ਹਾਂ ਸ਼ਬਦਾਂ ਨੂੰ ਮੈਂ ਈਸਾਈ ਧਰਮ ਦੇ ਇਕ ਅੰਗਰੇਜ਼ੀ ਮਾਸਿਕ-ਪੱਤਰ ਵਿਚੋਂ ਪੜ੍ਹਿਆ ਸੀ।

# TO A YOUNG FELLOW

Life is a wonderful privilege.It imposes great duties. It demands the fulfilment of great tasks and the realization of nobie ideals. As our revered philosopher poet Lucretius has taught us. Life is a recial heritage that you receive for use and developmet and not as a personal possession, You stand between the past and the future, the world is yours to enjoy; to organize,



Sri Satguru Jagjit Singh Ji eLibrary NamdhariElibrary@gmail.com

and to reconstruct. Your lot is cast in these sad times of turmoil and tribulation. Mankind anxiously asks if there is a way out of the gloom and horror of to-day into light and life. It is for you to blaze the trail for great movements that will build up a happier world. —Lala Hardayal M. A. in his book, Hints for Self Culture.

## ਮਨੁੱਖੀ ਜੀਵਨ ਦਾ ਮਨੋਰਥ

ਮਨੁੱਖਾ ਜੀਵਨ ਇਕ ਨਿਰਾਲਾ ਅਧਿਕਾਰ ਹੈ। ਇਹ ਮਨੁੱਖ ਦੇ ਸਿਰ ਮਹਾਨ ਫਰਜ਼ਾਂ ਦਾ ਭਾਰ ਪਾਉਂਦਾ ਹੈ, ਉਸ ਪਾਸੋਂ ਵਡੇ ਕਾਰਜਾਂ ਦੀ ਪੂਰਤੀ ਤੇ ਮਹਾਨ ਆਦਰਸ਼ਾਂ ਦੀ ਪ੍ਰਾਪਤੀ ਦੀ ਮੰਗ ਕਰਦਾ ਹੈ। ਜਿਵੇਂ ਕਿ ਕਵੀ ਫਿਲਾਸਫਰ ਲੁਕਰੇਸ਼ਸ ਨੇ ਉਪਦੇਸ਼ਿਆ ਹੈ, ਇਹ ਜੀਵਨ ਮਨੁੱਖ ਦੀ ਇਕ ਨਸਲੀ ਵਿਰਾਸਤ ਹੈ ਜਿਹੜੀ ਉਸ ਨੂੰ ਨਿੱਜੀ ਕਬਜ਼ੇ ਦੀ ਵਸਤੂ ਦੇ ਤੌਰ ਤੇ ਨਹੀਂ ਦਿੱਤੀ ਗਈ ਜਿਸ ਨੂੰ ਉਹ ਜਿਵੇਂ ਜੀ ਚਾਹੇ ਵਰਤੇ ਬਲਕਿ ਇਸ ਲਈ ਕਿ ਇਸ ਨੂੰ ਆਪਣੀ ਵਰਤੋਂ ਵਿਚ ਲਿਆਵੇ ਤੇ ਉੱਨਤੀ ਕਰੇ। ਹੇ ਭਾਈ! ਚੇਤੇ ਰੱਖੋ ਕਿ ਤੁਸੀਂ ਲੰਘ ਚੁੱਕੇ ਤੇ ਆਉਣ ਵਾਲੇ ਸਮੇਂ ਦੇ ਵਿਚਕਾਰ ਖਲੋਤੇ ਹੋ। ਦੁਨੀਆਂ ਤੁਹਾਡੀ ਹੈ ਜਿਸ ਨੂੰ ਮਾਨਣਾ, ਤਰਤੀਬ ਦੇਣਾ ਤੇ ਮੁੜ ਕੇ ਉਸਾਰਨਾ ਤੁਹਾਡਾ ਕਰਤੱਵ ਹੈ। ਤੁਹਾਡੀ ਤਕਦੀਰ ਬੜੇ ਅਸ਼ਾਂਤ ਤੇ ਚਿੰਤਾ ਜਨਕ ਭਰੇ ਸਮੇਂ ਵਿਚ ਢਲੀ ਹੈ। ਮਨੁੱਖ ਜਾਤੀ ਬੜੀ ਚਿੰਤ੍ਰਾ ਨਾਲ ਇਸ ਗੱਲ ਦਾ ਉੱਤਰ ਮੰਗਦੀ ਹੈ ਕਿ ਕੀ ਵਰਤਮਾਨ ਕਾਲ ਦੇ ਇਸ ਅੰਧਕਾਰ ਅਤੇ ਭੈ ਭਰੇ ਵਾਤਾਵਰਨ ਵਿਚੋਂ ਨਿਕਲ ਕੇ ਚਾਨਣੇ ਅਤੇ ਜੀਵਨ ਵਲ ਜਾਣ ਦਾ ਕੋਈ ਰਾਹ ਭੀ ਹੈ ਕਿ ਨਹੀਂ? ਇਹ ਕੇਵਲ ਤੁਹਾਡੇ ਉਤੇ ਹੀ ਹੈ ਕਿ ਤੁਸੀਂ ਸੰਸਾਰ ਵਿਚ ਅਜਿਹੀਆਂ ਮਹਾਨ ਤਹਿਰੀਕਾਂ ਦੀਆਂ ਲੀਹਾਂ ਆਪਣੇ ਪਿਛੇ ਚਮਕਾ ਜਾਓ ਜਿਹੜੀਆਂ ਸੰਸਾਰ ਦੀ ਇਕ ਸੰਦਰ ਉਸਾਰੀ



Sri Satguru Jagjit Singh Ji eLibrary NamdhariElibrary@gmail.com

ਦਾ ਕਾਰਨ ਬਣਨ । —ਲਾਲਾ ਹਰਦਿਆਲ ਐਮ. ਏ. ਦੀ ਪੁਸਤਕ HINTS FOR SELF-CULTURE ਵਿਚੋਂ ।

## HOW NATIONS ARE MADE

"All nations have been made what they are by the thinking and the working of many generations of men. Patient and perserving labourers of the soil and explorers of the mine, inventors and discoverers, manufacturer, mechanics, and artisans, poets, philosophers, and politicians—all have contributed towards the grand result, one generation building upon another's labour and carrying them forward to still higher stages. This constant succession of noble worker has arrived to create order out of chaos in industry science, and art, and the living race has thus in the course of nature become the inheritor of the rich estate provided by the skill and industry of our fore-fathers which is placed in our hands to cultivate and to hand down, not only unimpaired but improved, to our successors"

—Man and his duties, By J. Sime. M.A.L.L.D.

# ਕੌਮਾਂ ਦੀ ਉਸਾਰੀ ਕਿਵੇਂ ਹੋਇਆ ਕਰਦੀ ਹੈ

ਸਭ ਕੌਮਾਂ ਜਿੱਥੇ ਉਹ ਇਸ ਵੇਲੇ ਖੜ੍ਹੀਆਂ ਹਨ ਕਈ ਪੀੜ੍ਹੀਆਂ ਦੇ ਵਿਚਾਰਾਂ ਅਤੇ ਕਾਰਗੁਜ਼ਾਰੀਆਂ ਦਾ ਨਤੀਜਾ ਹੁੰਦੀਆਂ ਹਨ । ਜੀਵਨ ਦੇ ਸਭ ਦਰਜਿਆਂ ਅਤੇ ਹਾਲਤਾਂ ਵਿਚ ਕੰਮ ਕਰਦੇ ਧੀਰਜੀ ਅਤੇ ਸਿਰੜੀ ਕਾਮਿਆਂ–ਖੇਤੀ ਕਰਨ ਵਾਲਿਆਂ, ਖਾਣਾਂ ਕਰਨ ਵਾਲਿਆਂ, ਨਵੀਆਂ ਕਾਢਾਂ ਕੱਢਣ ਵਾਲਿਆਂ, ਨਵੀਆਂ ਭਾਲਾਂ ਕਰਨ ਵਾਲਿਆਂ, ਉਦਯੋਗੀਆਂ, ਕਾਰੀਗਰਾਂ, ਤਰਖਾਣਾਂ, ਕਵੀਆਂ, ਫ਼ਿਲਾਸਫ਼ਰਾਂ ਅਤੇ ਸਿਆਸੀ ਨੇਤਾਵਾਂ–ਸਭ ਨੇ ਇਨ੍ਹਾਂ ਨੂੰ ਸ਼ਾਨਦਾਰ ਬਨਾਉਣ ਵਿਚ ਆਪਣਾ ਹਿੱਸਾ ਪਾਇਆ ਹੁੰਦਾ ਹੈ, ਅੱਜ ਦੀ ਪੀੜ੍ਹੀ ਨੇ ਪਿਛਲੀ ਪੀੜ੍ਹੀ ਦੇ ਤਜਰਬਿਆਂ ਨੂੰ ਵਰਤ ਕੇ ਹੋਰ

ਅਗਾਂਹ ਤੋਰਿਆ ਹੁੰਦਾ ਹੈ, ਉਚੇਰੀਆਂ ਮੰਜ਼ਲਾਂ ਤੇ ਅਪੜਾਉਣ ਲਈ। ਇਸ ਤਰ੍ਹਾਂ ਵਾਰੀ ਵਾਰੀ ਉਤਮ ਕਾਮੇ ਆਉਂਦੇ ਹਨ ਜੋ ਸਨਅਤਕਾਰੀ; ਸਾਇੰਸ ਅਤੇ ਆਰਟ (ਕਲਾ) ਦੀ ਉਥਲ-ਪੁਥਲ ਨੂੰ ਤਰਤੀਬ ਦਿੰਦੇ ਹਨ। ਇਸ ਤਰ੍ਹਾਂ ਅਜ ਦੀ ਨਸਲ, ਕੁਦਰਤ ਦੇ ਹੱਥਾਂ ਵਿਚ, ਸਮੇਂ ਨਾਲ, ਉਸ ਕੀਮਤੀ ਜਾਇਦਾਦ ਦੀ ਵਾਰਸ ਬਣੀ ਹੈ ਜਿਹੜੀ ਸਾਡੇ ਬਜ਼ੁਰਗ ਆਪਣੀ ਮਿਹਨਤ ਅਤੇ ਕਾਰੀਗਰੀ ਦੁਆਰਾ ਸਾਡੇ ਲਈ ਛੱਡ ਗਏ ਹਨ ਤੇ ਜਿਸ ਨੂੰ ਅਸਾਂ ਆਪਣੇ ਹੱਥਾਂ ਵਿਚ ਲੈ ਕੇ ਪਾਲਣਾ ਅਤੇ ਮੁੜ ਆਪਣੀ ਵਾਰੀ ਆਉਣ ਲਈ ਅਗਲੀ ਨਸਲ ਨੂੰ ਨਾ ਕੇਵਲ ਜਿਉਂ ਦਾ ਤਿਉਂ ਦੇਣਾ ਹੈ, ਸਗੋਂ ਉਸ ਨੂੰ ਵਧੇਰੇ ਚਮਕਾ ਕੇ ਦੇਣਾ ਹੈ। —ਅੰਗਰੇਜ਼ ਵਿਦਵਾਨ ਜੇ.ਸਾਈਮ.ਐਮ.ਏ.ਐਲ.ਡੀ. ਦੀ ਪੁਸਤਕ 'ਮਨੁੱਖ ਅਤੇ ਉਸ ਦੇ ਕਰਤਵ' ਵਿਚੋਂ।

## THE THRONE ROOM

In the humblest mortal there is a throne room. Its door unfolds silently, magically, whenever and dares to be creatively useful to benefit his kind, by breaking new paths; building new structures, awakening new deeds and restoring new ideals--From T.L. Vaswani's monthly journal

—Mira, Poona

ਨੀਵੇਂ ਤੋਂ ਨੀਵੇਂ ਬੰਦੇ ਦਾ ਦਿਲ ਇਕ ਤਰ੍ਹਾਂ ਦਾ ਸ਼ਾਹੀ ਦਰਬਾਰ ਹੈ। ਇਸ ਦਰਬਾਰ ਦੇ ਦਰਵਾਜ਼ੇ ਚੁੱਪ-ਚਾਪ ਜਾਦੂਗਰੀ ਨਾਲ ਖੁਲ੍ਹਦੇ ਹਨ ਜਦੋਂ ਕੋਈ ਬੰਦਾ ਨਵੇਂ ਰਾਹ ਕੱਢ ਕੇ, ਨਵੇਂ ਢਾਂਚੇ ਢਾਲ ਕੇ, ਨਵੇਂ ਕਾਰਨਾਮੇ ਕਰਕੇ ਅਤੇ ਨਵੇਂ ਆਦਰਸ਼ ਉਸਾਰ ਕੇ ਮਨੁੱਖ-ਮਾਤਰ ਦੇ ਲਾਭ ਲਈ ਕੋਈ ਨਵਾਂ ਕੰਮ ਕਰਦਾ ਹੈ।

—ਪੂਨਾ ਸ਼ਹਿਰ ਦੇ ਅੰਗਰੇਜ਼ੀ ਮਾਸਿਕ ਪੱਤਰ 'ਮੀਰਾਂ' ਵਿਚੋਂ।

---

ਹਰਦਾਸ ਪ੍ਰਿੰਟਿੰਗ ਪ੍ਰੈਸ, ਰਾਣੀ ਬਾਜ਼ਾਰ, ਸ਼ਰੀਫ਼ਪੁਰਾ, ਅੰਮ੍ਰਿਤਸਰ
(30-6-89 ਨੂੰ ਛਪਿਆ 30,000 ਹੁਣ ਤਕ ਕੁਲ ਛਪਿਆ 90,000)

Sri Satguru Jagjit Singh Ji eLibrary NamdhariElibrary@gmail.com

# ਧੰਨ ਮੇਰੀ ਮਾਂ

80th
Parkash Diwas
1920

Surjit Singh Jeet
H.H. Shri Satguru Jagjit Singh Ji Library
36 Margery Park Road
Forest Gate, London
E7 9JY UK

BE SATGURU'S TRUE GURSIKH
BE TRUTHFUL, FAITHFUL
BE NON-VIOLENT, TOLERANT, MERCIFUL
BE VEGETARIAN - ORGANIC
BE PEACE-LOVER - PEACEFUL RESPECT WORLD PEACE

"CONGRATULATIONS"
ON BLISSFUL AUSPICIOUS PARKASH DIWAS

FROM:-
S. S. JEET

OF: H.H. SHRI SATGURU JAGJIT SINGH JEE
H.H. Shri Satguru Jagjit Singh Ji Library
36 Margery Park Road
Forest Gate, London E7 9JY